ਅਨੰਦ ਸਾਹਿਬ ਸੁਆਲ-ਜਵਾਬ

# ਅਨੰਦ ਭਇਆ

## ਅਨੰਦ ਸਾਹਿਬ ਸਵਾਲ-ਜਵਾਬ

ਗਿਆਨ ਖੜਗ
Sword of Enlightenment

ਨਿੱਤਨੇਮ
ਸਹਿਜ ਪਾਠ
ਦਾ ਵੀ ਕਰੀਏ ਜੀ

ਸੁਕ੍ਰਿਤ ਟਰੱਸਟ

**Anand Bhaya**

Anand Sahib - Swal Jwab

by

Renuka Sarabjeet Singh

(+91) 98146-12004

© ਇਸ ਪੁਸਤਕ ਦਾ ਕੋਈ ਵੀ ਪ੍ਰਕਾਸ਼ਨ ਅਧਿਕਾਰ ਨਹੀਂ ਹੈ। ਕੋਈ ਵੀ ਸੱਜਣ ਜਾਂ ਸੰਸਥਾ ਪ੍ਰਚਾਰ ਹਿੱਤ ਬਿਨਾਂ ਆਰਥਿਕ ਲਾਭ ਦੀ ਲਾਲਸਾ ਦੇ ਇਸਨੂੰ ਛਾਪ ਕੇ ਵੰਡ ਸਕਦੇ ਹਨ।

ਪਹਿਲੀ ਛਾਪ - ਸਤੰਬਰ 2010

ਭੇਟਾ - 15/- ਰੁਪਏ

ISBN-

ਪ੍ਰਕਾਸ਼ਕ :

ਸੁਕ੍ਰਿਤ ਟਰੱਸਟ

3454, ਫੇਸ-2, ਦੁੱਗਰੀ, ਲੁਧਿਆਣਾ 141 013

+91 98554-00300, +91 98556-12005

www.sukrit.org, sukrittrust@gmail.com

ਛਾਪਕ :

ਪ੍ਰਿੰਟਵੈਲ, ਅੰਮ੍ਰਿਤਸਰ



ਅਨੰਦ ਸਾਹਿਬ ਸੁਆਲ-ਜਵਾਬ

# ਅਨੰਦ ਸਾਹਿਬ ਸੁਆਲ-ਜਵਾਬ

**ਪ੍ਰਸ਼ਨ ੧: ਸਿੱਖ ਜਗਤ ਵਿੱਚ ਸਭ ਤੋਂ ਵੱਧ ਪੜੀ ਜਾਣ ਵਾਲੀ ਬਾਣੀ ਕਿਹੜੀ ਹੈ ਅਤੇ ਕਦੋਂ ਪੜ੍ਹੀ ਜਾਂਦੀ ਹੈ?**

ਹੈਰਾਨੀ ਦੀ ਗੱਲ ਹੈ ਕਿ ਸਿੱਖ ਜਗਤ ਵਿੱਚ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਬਾਣੀ ਅਨੰਦ ਸਾਹਿਬ ਹੈ। ਇਸ ਦੀਆਂ ਛੇ ਪਉੜੀਆਂ (ਪਹਿਲੀਆਂ ਪੰਜ ਅਤੇ ਇੱਕ ਅਖੀਰਲੀ) ਰੋਜ਼ ਸਵੇਰੇ ਸ਼ਾਮ ਅਰਦਾਸ ਤੋਂ ਪਹਿਲਾਂ ਅਤੇ ਹਰ ਦੀਵਾਨ ਦੀ ਸਮਾਪਤੀ ਤੇ ਪੜ੍ਹੀਆਂ ਜਾਂਦੀਆਂ ਹਨ।

**ਪ੍ਰਸ਼ਨ ੨: 'ਅਨੰਦ ਸਾਹਿਬ' ਕਿਸ ਗੁਰੁ ਸਾਹਿਬ ਦੁਆਰਾ ਉਚਾਰਨ ਕੀਤੀ ਗਈ ਹੈ ਅਤੇ ਇਸ ਦੀਆਂ ਕਿੰਨੀਆਂ ਪਉੜੀਆਂ ਹਨ?**

'ਅਨੰਦ ਸਾਹਿਬ' ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਉਚਾਰਨ ਕੀਤੀ ਗਈ ਹੈ। ਇਸ ਦੀਆਂ ੪੦ ਪਉੜੀਆਂ ਹਨ।

**ਪ੍ਰਸ਼ਨ ੩: 'ਅਨੰਦ ਸਾਹਿਬ' ਕਿਸ ਰਾਗ ਵਿੱਚ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੱਥੇ ਦਰਜ ਹੈ ?**

ਇਹ ਬਾਣੀ 'ਰਾਮਕਲੀ' ਰਾਗ ਵਿੱਚ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ ਨੰਬਰ ੯੧੭ ਤੋਂ ੯੨੨ ਤੱਕ ਦਰਜ ਹੈ।

**ਪ੍ਰਸ਼ਨ ੪: ਅਨੰਦ ਕਿੱਥੋਂ ਮਿਲਦਾ ਹੈ?**

ਇਹ ਬੜਾ ਅਹਿਮ ਸਵਾਲ ਹੈ। ਅਸੀਂ ਸਮਝਦੇ ਹਾਂ ਅਨੰਦ ਮਨ ਦੀਆਂ ਇੱਛਾਵਾਂ ਦੀ ਪੂਰਤੀ ਨਾਲ ਮਿਲਦਾ ਹੈ, ਪਦਾਰਥਾਂ ਨਾਲ ਮਿਲਦਾ ਹੈ, ਪਦਵੀਆਂ ਤੇ ਪੈਸੇ ਨਾਲ ਮਿਲਦਾ ਹੈ।

ਪਰ ਨਹੀਂ, ਗੁਰੂ ਸਾਹਿਬ ਜੀ ਪਹਿਲੀ ਪੰਕਤੀ ਵਿੱਚ ਹੀ ਸਪੱਸ਼ਟ ਕਰਦੇ

ਹਨ ਕਿ '**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥**' ਭਾਵ ਜਦੋਂ ਮੈਨੂੰ ਸਤਿਗੁਰੂ ਮਿਲ ਗਿਆ ਤਾਂ ਅਨੰਦ ਦੀ ਪ੍ਰਾਪਤੀ ਹੋ ਗਈ।

**ਪ੍ਰਸ਼ਨ ੫: ਅਨੰਦ ਮਿਲ ਜਾਣ ਦੀ ਕੀ ਨਿਸ਼ਾਨੀ ਹੈ ?**

ਅਨੰਦ ਮਿਲਦਿਆਂ ਹੀ ਸਹਿਜ ਅਵਸਥਾ, ਅਡੋਲਤਾ, ਟਿਕਾਅ ਦੀ ਪ੍ਰਾਪਤੀ ਹੋ ਜਾਂਦੀ ਹੈ। ਮਨ ਵਿੱਚ ਖੇੜਾ ਤੇ ਵਾਧਾਈਆਂ ਪ੍ਰਫੁੱਲਿਤ ਹੋਣ ਲਗਦੀਆਂ ਹਨ। ਐਓ ਲਗਦਾ ਹੈ ਜਿਵੇਂ ਰਤਨਾਂ ਵਰਗੇ ਸਾਰੇ ਰਾਗ ਰਾਗਣੀਆਂ ਸ਼ਬਦ ਗਾਉਣ ਲੱਗ ਪਏ ਹਨ।

**ਪ੍ਰਸ਼ਨ ੬: ਸਾਨੂੰ ਨਿਤ ਆਪਣੇ ਮਨ ਨੂੰ ਕੀ ਸਮਝਾਉਣਾ ਚਾਹੀਦਾ ਹੈ?**

ਹਰ ਵੇਲੇ ਹਰ ਪਲ ਮਨ ਨੂੰ ਸਮਝਾਈਏ ਕਿ ਤੂੰ ਸਦਾ ਪ੍ਰਭੂ ਦੇ ਚਰਨਾ ਵਿੱਚ ਜੁੜਿਆ ਰਹੁ।

**ਪ੍ਰਸ਼ਨ ੭: ਜੇ ਮਨ ਹਰ ਵੇਲੇ ਪ੍ਰਭੂ ਚਰਨਾ ਵਿੱਚ ਜੁੜਿਆ ਰਹੇ ਤਾਂ ਕੀ ਹੋਵੇਗਾ?**

ਜੇ ਮਨ ਪ੍ਰਭੂ ਚਰਨਾਂ ਵਿੱਚ ਟਿਕ ਜਾਏ ਤਾਂ

- ਸਾਰੇ ਦੁੱਖ ਦੂਰ ਹੋ ਜਾਣਗੇ (ਦੂਖ ਸਭਿ ਵਿਸਾਰਣਾ)
- ਪ੍ਰਭੂ ਸਾਡਾ ਅੰਗੀਕਾਰ ਕਰੇਗਾ, ਰਖਿਆ ਕਰੇਗਾ (ਅੰਗੀਕਾਰੁ ਓਹੁ ਕਰੇ ਤੇਰਾ)
- ਸਾਰੇ ਕਾਰਜ ਸਫਲ ਹੋ ਜਾਣਗੇ (ਕਾਰਜ ਸਭਿ ਸਵਾਰਣਾ)

**ਪ੍ਰਸ਼ਨ ੮: ਪ੍ਰਭੂ ਕੀ-ਕੀ ਕਰ ਸਕਦਾ ਹੈ?**

ਵਾਹ ਜੀ! ਇਹ ਪੁੱਛੀਏ ਕਿ ਪ੍ਰਭੂ ਕੀ ਨਹੀਂ ਕਰ ਸਕਦਾ? ਉਹ ਤਾਂ ਸਾਰਾ ਕੁੱਝ ਹੀ ਕਰ ਸਕਦਾ ਹੈ। (ਸਭਨਾ ਗਲਾ ਸਮਰਥੁ ਸੁਆਮੀ)

ਭਲਾ ਤੇ ਅਨੰਦ ਇਸ ਵਿੱਚ ਹੈ ਕਿ ਸਾਡਾ ਮਨ ਕਦੇ ਵੀ ਉਸਨੂੰ ਨਾ ਵਿਸਾਰੇ।

**ਪ੍ਰਸ਼ਨ ੯: ਅੰਗੀਕਾਰ ਤੋਂ ਕੀ ਭਾਵ ਹੈ? ਇਸਦਾ ਗਲਤ ਉਚਾਰਨ ਅਤੇ ਠੀਕ ਉਚਾਰਨ ਕੀ ਹੈ?**





ਅੰਗੀਕਾਰ ਦਾ ਭਾਵ ਹੈ ਅੰਗ ਰੱਖਿਆ ਕਰਨਾ।

ਅਸੀਂ ਗਲਤੀ ਨਾਲ ਇਹ ਉਚਾਰਨ ਕਰਦੇ ਹਾਂ - ਅੰਗੀਕਾਰੋ ਕਰੇ ਤੇਰਾ।

ਅੰਗੀਕਾਰੋ ਕੋਈ ਸ਼ਬਦ ਨਹੀਂ ਹੈ - ਠੀਕ ਅਤੇ ਅਸਲ ਉਚਾਰਨ ਹੈ : 'ਅੰਗੀਕਾਰ ਓਹੁ ਕਰੇ ਤੇਰਾ'

ਭਾਵ ਉਹ ਅਕਾਲਪੁਰਖ ਹੀ ਤੇਰੀ ਰੱਖਿਆ ਕਰਦਾ ਹੈ।

**ਪ੍ਰਸ਼ਨ ੧੦: ਅਕਾਲਪੁਰਖ ਦੇ ਘਰ ਕਿਹੜੀਆਂ ਕਿਹੜੀਆਂ ਚੀਜ਼ਾਂ ਹਨ ਅਤੇ ਇਹ ਕਿਸਨੂੰ ਪ੍ਰਾਪਤ ਹੁੰਦੀਆਂ ਹਨ?**

ਅਕਾਲਪੁਰਖ ਦੇ ਘਰ ਸਾਰਾ ਕੁੱਝ ਹੈ (ਘਰਿ ਤ ਤੇਰੈ ਸਭਿ ਕਿਛੁ ਹੈ)। ਇਹ ਉਹਨਾਂ ਨੂੰ ਹੀ ਮਿਲਦੀਆਂ ਹਨ, ਜਿਨ੍ਹਾਂ ਨੂੰ ਪਰਮਾਤਮਾ ਆਪ ਬਖਸ਼ਿਸ਼ ਕਰਕੇ ਦਿੰਦਾ ਹੈ। ਜਿਸ ਨੂੰ ਦਿੰਦਾ ਹੈ ਉਹ ਪਾਂਦਾ ਹੈ (ਜਿਸੁ ਦੇਹਿ ਸੁ ਪਾਵਏ॥)।

**ਪ੍ਰਸ਼ਨ ੧੧: ਹਿਰਦੇ ਵਿੱਚ ਨਾਮ ਵਸ ਜਾਣ ਦੀ ਕੀ ਨਿਸ਼ਾਨੀ ਹੈ?**

ਜਦੋਂ ਹਿਰਦੇ ਵਿੱਚ ਨਾਮ ਵਸ ਜਾਂਦਾ ਹੈ, ਤਾਂ ਮਨ ਵਿੱਚ ਖੁਸ਼ੀਆਂ ਦੇ ਸਾਜ ਵੱਜ ਪੈਂਦੇ ਹਨ ਇੰਝ ਜਾਪਦੈ ਜਿਵੇਂ ਬੇਅੰਤ ਸਾਜਾਂ ਦੀਆਂ ਧੁਨਾਂ ਵਜਦੀਆਂ ਹਨ। ਭਾਵ ਮਨ ਵਿੱਚ ਖੇੜਾ ਅਤੇ ਚਾਉ ਪੈਦਾ ਹੁੰਦਾ ਹੈ। (ਨਾਮ ਜਿਨ ਕੈ ਮਨਿ ਵਸਿਆ ਵਾਜੇ ਸਬਦਿ ਘਨੇਰੇ॥)

**ਪ੍ਰਸ਼ਨ ੧੨: ਸਾਡੇ ਜੀਵਨ ਦਾ ਆਸਰਾ ਕੀ ਹੋਣਾ ਚਾਹੀਦਾ ਹੈ ?**

ਮਨੁੱਖ ਦੀ ਜ਼ਿੰਦਗੀ ਦਾ ਆਸਰਾ ਕੇਵਲ ਉਸ ਅਕਾਲਪੁਰਖ ਦਾ ਨਾਮ ਹੈ।

**ਪ੍ਰਸ਼ਨ ੧੩: ਅਕਾਲਪੁਰਖ ਦਾ ਨਾਮ ਮਿਲਣ ਨਾਲ ਕੀ ਹੁੰਦਾ ਹੈ?**

ਨਾਮ ਦੀ ਪ੍ਰਾਪਤੀ ਨਾਲ ਸਾਰੀਆਂ ਭੁੱਖਾਂ ਦੂਰ ਹੋ ਜਾਂਦੀਆਂ ਹਨ (ਭੁਖਾ ਸਭਿ ਗਵਾਈਆ) ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। (ਇਛਾ ਸਭਿ ਪੁਜਾਈਆ)

**ਪ੍ਰਸ਼ਨ ੧੪: ਤੀਜੇ ਪਾਤਸ਼ਾਹ ਕਿਸ ਨਾਲ ਪਿਆਰ ਕਰਨ ਦਾ ਉਪਦੇਸ਼ ਦਿੰਦੇ ਹਨ?**

ਪਾਤਸ਼ਾਹ ਸ਼ਬਦ ਨਾਲ ਪਿਆਰ ਕਰਨ ਲਈ ਫੁਰਮਾਉਂਦੇ ਹਨ - ਸਬਦਿ ਧਰਹੁ ਪਿਆਰੋ॥

**ਪ੍ਰਸ਼ਨ ੧੫: ਪੰਚ ਸ਼ਬਦ ਦਾ ਕੀ ਭਾਵ ਹੈ? ਇਹ ਕਦੋਂ ਵਜਦੇ ਹਨ?**

ਪੰਚ ਸ਼ਬਦਾ ਬਦ ਦਾ ਭਾਵ ਹੈ ੫ ਕਿਸਮ ਦੇ ਸਾਜਾਂ ਦੀਆਂ ਮਿਲਵੀਆਂ ਸੁਰਾਂ। ਇਹ ਸੁਰਾਂ ਉਦੋਂ ਵਜਦੀਆਂ ਹਨ ਜਦ ਹਿਰਦੇ ਵਿੱਚ ਪ੍ਰਭੂ ਆ ਵਸਦਾ ਹੈ, ਮਨੁੱਖ ਭਾਗਾਂ ਵਾਲਾ ਹੋ ਜਾਂਦਾ ਹੈ।

**ਪ੍ਰਸ਼ਨ ੧੬: ਪਰਮਾਤਮਾ ਦੇ ਨਾਮ ਵਿੱਚ ਕਿਹੜੇ ਮਨੁੱਖ ਲੀਨ ਹੋ ਜਾਂਦੇ ਹਨ?**

ਕੇਵਲ ਉਹ ਮਨੁੱਖ ਨਾਮ ਨਾਲ ਜੁੜਦੇ ਹਨ, ਜਿਨ੍ਹਾਂ ਤੇ ਅਕਾਲਪੁਰਖ ਨੇ ਧੁਰ ਤੋਂ ਹੀ ਬਖਸ਼ਿਸ਼ ਕੀਤੀ ਹੈ। (ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸੇ ਨਾਮ ਹਰਿ ਕੈ ਲਾਗੇ॥)

**ਪ੍ਰਸ਼ਨ ੧੭: ਪੰਚ ਦੂਤ ਕਿਹੜੇ ਹਨ ਤੇ ਕਿਵੇਂ ਵਸ ਵਿੱਚ ਆਉਂਦੇ ਹਨ?**

ਪੰਚ ਦੂਤ ਹਨ ; ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਇਹ ਦੂਤ ਪ੍ਰਭੂ ਹੀ ਵੱਸ ਕਰ ਸਕਦਾ ਹੈ।

**ਪ੍ਰਸ਼ਨ ੧੮: ਸਚੇ ਨਾਮ ਵਿੱਚ ਲਿਵ ਨਾ ਜੋੜਨ ਨਾਲ ਕੀ ਹੁੰਦਾ ਹੈ?**

ਨਾਮ ਵਿੱਚ ਲਿਵ ਨਾ ਜੋੜਨ ਵਾਲੇ ਦਾ ਸਰੀਰ ਨਿਆਸਰਾ, ਨਿਮਾਣਾ ਹੀ ਰਹਿੰਦਾ ਹੈ।

**ਪ੍ਰਸ਼ਨ ੧੯: ਆਮ ਲੋਕ ਕਹਿੰਦੇ ਸੁਣੇ ਗਏ ਹਨ ਕਿ ਅਸੀਂ ਅਨੰਦ ਵਿੱਚ ਹਾਂ। ਕੀ ਉਹ ਸਚਮੁੱਚ ਅਨੰਦ ਦਾ ਰਸ ਪਾਉਂਦੇ ਹਨ?**

ਨਹੀਂ, ਕਹਿਣ ਨੂੰ ਤਾਂ ਅਨੰਦ ਅਨੰਦ ਸਾਰੇ ਹੀ ਕਹਿ ਦਿੰਦੇ ਹਨ ਪਰ ਅਸਲ ਅਨੰਦ ਗੁਰੂ ਦੀ ਪ੍ਰਾਪਤੀ ਨਾਲ ਹੀ ਆ ਸਕਦਾ ਹੈ।

**ਪ੍ਰਸ਼ਨ ੨੦: ਫਿਰ ਅਸਲ ਅਨੰਦ ਦੀ ਪ੍ਰਾਪਤੀ ਦਾ ਪਤਾ ਕਿਵੇਂ ਲੱਗਦਾ ਹੈ ?**

ਜਿਸ ਮਨੁੱਖ ਨੂੰ ਅਸਲ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ -

- ਉਸਦੇ ਅੰਦਰੋਂ ਪਾਪ ਕੱਟੇ ਜਾਂਦੇ ਹਨ।
- ਆਤਮਿਕ ਜੀਵਨ ਦਾ ਗਿਆਨ ਹੋ ਜਾਂਦਾ ਹੈ
- ਮਾਇਆ ਮੋਹ ਮੁੱਕ ਜਾਂਦਾ ਹੈ।

ਅਤੇ ਬੋਲੀ ਵਿੱਚ ਮਿਠਾਸ ਆ ਜਾਂਦੀ ਹੈ।



ਅਨੰਦ ਸਾਹਿਬ ਸੁਆਲ-ਜਵਾਬ

**ਪ੍ਰਸ਼ਨ ੨੧: ਕੀ ਕੋਈ ਮਨੁੱਖ ਆਪਣੇ ਜ਼ੋਰ ਨਾਲ ਕੁੱਝ ਪਰਾਪਤਿ ਕਰ ਸਕਦਾ ਹੈ?**

ਨਹੀਂ ਜੀ! ਜਿਸ ਨੂੰ ਉਹ ਪ੍ਰਭੂ ਦੇਂਦਾ ਹੈ, ਉਹੀ ਦਾਤਾਂ ਪ੍ਰਾਪਤ ਕਰਦਾ ਹੈ। ਹੋਰ ਕੋਈ ਕਿਸੇ ਦਾ ਕੋਈ ਚਾਰਾ ਨਹੀਂ ਚਲਦਾ। (ਜਿਸੁ ਤੂ ਦੇਹਿ ਸੋਈ ਜਨ ਪਾਵੈ॥) ਤਾਂ ਹੀ ਕਈ ਭਰਮਾਂ ਵਿੱਚ ਭਟਕਦੇ ਭੁੱਲੇ ਫਿਰਦੇ ਹਨ ਤੇ ਕਈ ਨਾਮ ਵਿੱਚ ਜੁੜ ਕੇ ਜੀਵਨ ਸੰਵਾਰ ਲੈਂਦੇ ਹਨ। (ਭਰਮਿ ਭੂਲੇ ਫਿਰਹਿ ਦਹਦਿਸਿ ਇਕ ਨਾਮਿ ਲਾਗਿ ਸਵਾਰਿਆ॥)

**ਪ੍ਰਸ਼ਨ ੨੨: ਦਹਦਿਸਿ ਤੋਂ ਕੀ ਭਾਵ ਹੈ?**

ਦਹਦਿਸਿ ਤੋਂ ਭਾਵ ਹੈ ੧੦ ਦਿਸ਼ਾਵਾਂ।

**ਪ੍ਰਸ਼ਨ ੨੩: ਪਰ ਦਿਸ਼ਾਵਾਂ ਤਾਂ ੪ ਹੁੰਦਿਆਂ ਹਨ, ੧੦ ਕਿਵੇਂ?**

ਅਸਲ ਵਿੱਚ ਦਿਸ਼ਾਵਾਂ ੪ ਨਹੀਂ ੧੦ ਹੀ ਹੁੰਦੀਆਂ ਹਨ।




= 8
ਅਤੇ ਉੱਪਰ ਅਤੇ ਥੱਲੇ
ਕੁੱਲ 10

**ਪ੍ਰਸ਼ਨ ੨੪: ਮਾਇਆ ਦੀ ਦੌੜ ਅੰਦਰ ਭਟਕਦੇ ਸੰਸਾਰ ਵਿੱਚ ਕਿਹਨਾਂ ਮਨੁੱਖਾਂ ਦੇ ਮਨ ਪਵਿੱਤਰ ਹੁੰਦੇ ਹਨ?**

ਜੋ ਅਕਾਲਪੁਰਖ ਦਾ ਭਾਣਾ ਮੰਨਦੇ ਹਨ, ਨੁਕਸਾਨ ਤੇ ਲਾਭ ਵਿੱਚ ਅਡੋਲ ਰਹਿੰਦੇ ਹਨ, ਹਰ ਪਲ ਸ਼ੁਕਰ ਹੀ ਸ਼ੁਕਰ ਕਰਦੇ ਹਨ, ਉਨ੍ਹਾਂ ਦੇ ਮਨ ਪਵਿੱਤਰਤਾ ਹਾਸਿਲ ਕਰ ਲੈਂਦੇ ਹਨ। (ਗੁਰਪਰਸਾਦੀ ਮਨ ਭਇਆ ਨਿਰਮਲ ਜਿਨਾ ਭਾਣਾ ਭਾਵਏ॥)

**ਪ੍ਰਸ਼ਨ ੨੫: ਪਰਮਾਤਮਾ ਨਾਲ ਮਿਲਾਪ ਕਿਵੇਂ ਹੋ ਸਕਦਾ ਹੈ?**

- ਤਨ, ਮਨ ਅਤੇ ਧਨ ਸਭ ਕੁੱਝ ਗੁਰੂ ਅੱਗੇ ਸਮਰਪਿਤ ਕਰ ਦੇਈਏ

- ਗੁਰੂ ਦੇ ਹਰ ਹੁਕਮ ਨੂੰ ਮਿੱਠਾ ਮੰਨੀਏ।
- ਸੱਚੀ ਬਾਣੀ ਗਾਇਨ ਕਰੀਏ
- ਬਸ ਮਿਲਾਪ ਹੋ ਜਾਏਗਾ।

**ਪ੍ਰਸ਼ਨ ੨੬: ਕੀ ਚਲਾਕੀਆਂ ਜਾਂ ਸਿਆਣਪਾਂ ਨਾਲ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ?**

ਨਹੀਂ! ਚਲਾਕੀਆਂ ਜਾਂ ਸਿਆਣਪਾਂ ਨਾਲ ਪਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। (ਚਤੁਰਾਈ ਕਿਨੈ ਨ ਪਾਇਆ॥)

**ਪ੍ਰਸ਼ਨ ੨੭: ਮਾਇਆ ਦਾ ਰਚਨਹਾਰਾ ਕੌਣ ਹੈ?**

ਇਹ ਸੰਸਾਰ ਰੂਪੀ ਮੋਹ ਮਾਇਆ ਨੂੰ ਪੈਦਾ ਕਰਨ ਵਾਲਾ ਅਕਾਲਪੁਰਖ ਪਰਮਾਤਮਾ ਆਪ ਹੀ ਹੈ। (ਏਹੁ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥)

**ਪ੍ਰਸ਼ਨ ੨੮: ਮਾਤਾ-ਪਿਤਾ, ਭੈਣ-ਭਰਾ, ਬੱਚੇ-ਪਤਨੀ ਵਿੱਚੋਂ ਮਨੁੱਖ ਦਾ ਅੰਤਿਮ ਸਮੇਂ ਕੌਣ ਸਹਾਈ ਹੁੰਦਾ ਹੈ?**

ਮਨੁੱਖ ਦੇ ਅੰਤਿਮ ਸਮੇਂ ਵਿੱਚ ਕੋਈ ਵੀ ਪਰਿਵਾਰਕ ਮੈਂਬਰ ਸਹਾਈ ਨਹੀਂ ਹੁੰਦਾ। ਸਗੋਂ ਮਨੁੱਖ ਨੂੰ ਆਪਣੇ ਕਰਮਾਂ ਅਨੁਸਾਰ ਲੇਖਾ ਦੇਣਾ ਪੈਂਦਾ ਹੈ। (ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥)

**ਪ੍ਰਸ਼ਨ ੨੯: ਜੇ ਪਰਿਵਾਰ ਨੇ ਸਾਥ ਨਹੀਂ ਨਿਭਣਾ ਤਾਂ ਕੀ ਕਰੀਏ?**

ਜਿਸ ਨੇ ਸਾਥ ਨਹੀਂ ਨਿਭਣਾ, ਉਸ ਨਾਲ ਚਿਤੁ ਨ ਲਾਈਏ, ਮੋਹ ਨਾ ਪਾਈਏ (ਤਿਸੁ ਨਾਲਿ ਕਿਉ ਚਿਤਿ ਲਾਈਐ॥)।

**ਪ੍ਰਸ਼ਨ ੩੦: ਕਿਹੜੇ ਕੰਮ ਨਾ ਕਰੀਏ?**

ਜਿਹੜੇ ਕੰਮ ਕਰਨ ਨਾਲ ਬਾਅਦ ਵਿੱਚ ਪਛਤਾਉਣਾ ਪਵੇ, ਝੁਰਨਾ ਪਵੇ ਉਹ ਕੰਮ ਕਦੇ ਨਾ ਕਰੀਏ। (ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥)

**ਪ੍ਰਸ਼ਨ ੩੧: ਕੀ ਅਕਾਲਪੁਰਖ ਦੇ ਗੁਣਾਂ ਦਾ ਅੰਤ ਪਾਇਆ ਜਾ ਸਕਦਾ ਹੈ ?**

ਨਹੀਂ! ਅਕਾਲਪੁਰਖ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਉਹ





ਅਕਾਲਪੁਰਖ ਆਪਣੇ ਬਾਰੇ ਆਪ ਹੀ ਜਾਣਦਾ ਹੈ। ਉਸ ਬਾਰੇ ਕੁੱਝ ਵੀ ਕਹਿਣਾ ਅਸੰਭਵ ਹੈ। (ਅਗਮੁ ਅਗੋਚਰਾ ਤੇਰਾ ਅੰਤੁ ਨ ਪਾਇਆ॥)

**ਪ੍ਰਸ਼ਨ ੩੨: ਅਕਾਲਪੁਰਖ ਦੇ ਨਾਮ-ਰੂਪੀ ਅੰਮ੍ਰਿਤ ਦੀ ਭਾਲ ਕੌਣ-ਕੌਣ ਕਰ ਰਿਹਾ ਹੈ? ਅਤੇ ਇਹ ਕਿੱਥੋਂ ਪ੍ਰਾਪਤ ਹੁੰਦਾ ਹੈ?**

ਅਕਾਲਪੁਰਖ ਦੇ ਨਾਮ-ਰੂਪੀ ਅੰਮ੍ਰਿਤ ਦੀ ਭਾਲ ਦੇਵੀ-ਦੇਵਤੇ, ਰਿਸ਼ੀ-ਮੁਨੀ ਲੋਕ ਕਰ ਰਹੇ ਹਨ। ਇਹ ਅੰਮ੍ਰਿਤ ਅਕਾਲਪੁਰਖ ਦੀ ਬਖਸ਼ਿਸ਼ ਸਦਕਾ ਸੱਚੇ ਗੁਰੂ ਪਾਸੋਂ ਪ੍ਰਾਪਤ ਹੁੰਦਾ ਹੈ। (ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੋ ਅੰਮ੍ਰਿਤੁ ਗੁਰ ਤੇ ਪਾਇਆ॥)

**ਪ੍ਰਸ਼ਨ ੩੩: ਨਾਮ-ਰੂਪੀ ਅੰਮ੍ਰਿਤ ਪ੍ਰਾਪਤ ਹੋਣ ਤੇ ਕੀ ਅਵਸਥਾ ਬਣ ਜਾਂਦੀ ਹੈ?**

ਨਾਮ-ਰੂਪੀ ਅੰਮ੍ਰਿਤ ਦੀ ਪ੍ਰਾਪਤੀ ਹੋਣ ਤੇ ਮਨ ਵਿੱਚੋਂ ਸਾਰੇ ਲਾਲਚ, ਲੋਭ ਅਤੇ ਅਹੰਕਾਰ ਦੀ ਭਾਵਨਾ ਖਤਮ ਹੋ ਜਾਂਦੀ ਹੈ। ਸੁਭਾਅ ਮਿਠਬੋਲੜਾ ਤੇ ਨਿਮਰਤਾ ਭਰਪੂਰ ਹੋ ਜਾਂਦਾ ਹੈ। (ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ॥)

**ਪ੍ਰਸ਼ਨ ੩੪: ਬਾਣੀ ਅਨੰਦ ਸਾਹਿਬ ਅਨੁਸਾਰ ਭਗਤਾਂ ਦੀ ਨਿਰਾਲੀ ਚਾਲ ਜਾਂ ਬਿਖਮੁ ਮਾਰਗ ਕਿਹੜਾ ਹੈ?**

ਬਿਖਮ ਮਾਰਗ ਜਾਂ ਨਿਰਾਲੀ ਚਾਲ ਦਾ ਭਾਵ ਤਪ ਸਾਧਨ ਜਾਂ ਸਮਾਧੀਆਂ ਲਗਾ ਕੇ ਸਰੀਰ ਨੂੰ ਕਸ਼ਟ ਦੇਣਾ ਨਹੀਂ ਹਨ ਸਗੋਂ ਆਪਣੇ ਅੰਦਰੋਂ ਲੋਭ, ਲਾਲਚ ਅਤੇ ਅਹੰਕਾਰ ਦਾ ਤਿਆਗ ਕਰਨਾ, ਆਪਣੀ ਸਿਫਤ ਕਰਨ ਦਾ ਸੁਭਾਅ ਤਿਆਗ ਕੇ ਅਕਾਲ ਪੁਰਖ ਦੇ ਗੁਣ ਗਾਉਣਾ ਹੈ। (ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥)

**ਪ੍ਰਸ਼ਨ ੩੫: ਸਿੱਖੀ ਦਾ ਮਾਰਗ ਕੈਸਾ ਹੈ?**

ਇਹੁ ਖੰਨਿਅਹੁ ਤਿਖੀ ਵਾਲਹੁ ਨਿਕੀ ਦਾ ਮਾਰਗ ਹੈ ਭਾਵ ਹਰ ਵੇਲੇ ਮਨ ਦੀ ਅਡੋਲਤਾ ਬਣਾਈ ਰਖਣੀ ਹੈ, ਵਿਕਾਰਾਂ ਤੋਂ ਬਚਣਾ ਹੈ, ਆਪਣਾ ਆਪਾ ਭਾਵ ਤਿਆਗਣਾ ਹੈ।

**ਪ੍ਰਸ਼ਨ ੩੬: ਕਥਾ ਸੁਣਨ ਨਾਲ ਕੀ ਹੁੰਦਾ ਹੈ?**

ਜਿਸਨੂੰ ਪਾਤਸ਼ਾਹ ਆਪਣੀ ਬਾਣੀ ਦੀ ਵਿਚਾਰ, ਕਥਾ ਸੁਣਾਉਂਦਾ ਹੈ ਉਹ ਗੁਰੂ ਦੇ ਦਰ ਤੇ ਆਤਮਿਕ ਅਨੰਦ ਮਾਣਦੇ ਹਨ। (ਜਿਸਨੋ ਕਥਾ ਸੁਣਾਇ ਾਪਣੀ ਸੇ ਗੁਰਦੁਆਰੈ ਸੁਖੁ ਪਾਵਹੇ॥)

**ਪ੍ਰਸ਼ਨ ੩੭: ਕੀ ਨਿਰੀਆਂ ਗਿਆਨ ਦੀਆਂ ਗੱਲਾਂ ਕਰਨ ਨਾਲ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ?**

ਨਹੀਂ! ਪਰਮਾਤਮਾ ਨੂੰ ਨਿਰੀਆਂ ਗਿਆਨ ਦੀਆਂ ਗੱਲਾਂ ਕਰਨ ਨਾਲ ਨਹੀਂ ਪਾਇਆ ਜਾ ਸਕਦਾ। (ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ॥)

**ਪ੍ਰਸ਼ਨ ੩੮: ਬਾਣੀ ਅਨੰਦ ਸਾਹਿਬ ਅਨੁਸਾਰ ਕਿਹੜੇ ਮਨੁੱਖ ਪਵਿੱਤਰ ਹਨ?**

ਜੋ ਮਨੁੱਖ ਪਰਮਾਤਮਾ ਦਾ ਨਾਮ ਸਿਮਰਦੇ ਹਨ ਅਤੇ ਮਨ ਵਿੱਚ ਵਸਾ ਲੈਂਦੇ ਹਨ। ਉਹ ਪਵਿੱਤਰ ਹਨ। ਉਨ੍ਹਾਂ ਦੇ ਮਾਤਾ-ਪਿਤਾ, ਪਰਿਵਾਰ ਵੀ ਪਵਿੱਤਰ ਹਨ ਤੇ ਜੋ ਮਨੁੱਖ ਉਨ੍ਹਾਂ ਦੀ ਸੰਗਤ ਕਰਦੇ ਹਨ, ਉਹ ਵੀ ਪਵਿੱਤਰ ਹੋ ਜਾਂਦੇ ਹਨ। (ਪਵਿਤੁ ਮਾਤਾ ਪਿਤਾ ਕੁਟੰਬੁ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ॥)

**ਪ੍ਰਸ਼ਨ ੩੯: 'ਸਹਜ' ਅਤੇ 'ਸਹਸ' ਵਿੱਚ ਕੀ ਅੰਤਰ ਹੈ?**

'ਸਹਜ' ਤੋਂ ਭਾਵ ਅਡੋਲਤਾ ਅਤੇ 'ਸਹਸ' ਤੋਂ ਭਾਵ ਚਿੰਤਾ ਹੈ।

**ਪ੍ਰਸ਼ਨ ੪੦: 'ਸਹਸਾ' (ਚਿੰਤਾ) ਤੋਂ ਛੁਟਕਾਰਾ ਕਿਵੇਂ ਨਹੀਂ ਮਿਲ ਸਕਦਾ ਹੈ? ਅਤੇ ਕਿਵੇਂ ਮਿਲ ਸਕਦਾ ਹੈ?**

ਧਰਮਿਕ ਕਰਮ ਕਾਂਡ ਕਰਨ ਨਾਲ ਸਕਸਾ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਮਨ ਨੂੰ ਹਰੀ ਦੇ ਨਾਮ ਨਾਲ ਧੋ ਕੇ ਸਦਾ ਉਸ ਅਕਾਲਪੁਰਖ ਦੀ ਭਗਤੀ ਵਿੱਚ ਲੀਨ ਹੋਣ ਨਾਲ ਸਾਰੇ ਸਹਸੇ ਮਿਟ ਜਾਂਦੇ ਹਨ ਅਤੇ ਸਹਜ ਦੀ ਪ੍ਰਾਪਤੀ ਹੋ ਜਾਂਦੀ ਹੈ। (ਮਨ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥)

**ਪ੍ਰਸ਼ਨ ੪੧: ਕਰਮਾ ਨਾਲ ਸਹਿਜ ਨਹੀਂ ਮਿਲਣਾ ਤਾਂ ਫਿਰ ਕਿਵੇਂ ਮਿਲਣਾ ਹੈ?**

ਗੁਰਪਰਸਾਦੀ ਭਾਵ ਗੁਰੂ ਦੀ ਕਿਰਪਾ ਨਾਲ ਹੀ ਸਹਜ ਮਿਲਣਾ ਹੈ। ਆਪਣਾ ਸਿਮਰਨ, ਭਗਤੀ ਕਰੀ ਚੱਲੀਏ, ਸਹਜ ਮਿਲੇਗਾ ਕੇਵਲ ਤੇ ਕੇਵਲ ਕਿਰਪਾ ਨਾਲ।





**ਪ੍ਰਸ਼ਨ ੪੨: ਕਿਹੜੇ ਮਨੁੱਖਾਂ ਨੇ ਆਪਣੀ ਜਨਮ ਰੂਪੀ ਬਾਜ਼ੀ ਹਾਰ ਲਈ ਹੈ ?**

ਜੋ ਮਨੁੱਖ ਬਾਹਰੋਂ ਧਰਮੀ ਪਰ ਅੰਦਰੋ ਕਪਟੀ ਅਤੇ ਧੋਖੇਬਾਜ਼ ਹੁੰਦੇ ਹਨ। ਮਾਇਆ ਵਿੱਚ ਗਲਤਾਨ ਰਹਿੰਦੇ ਹਨ। ਪਰਮਾਤਮਾ ਦਾ ਨਾਮ ਨਹੀਂ ਜਪਦੇ, ਸੱਚ ਛੱਡ ਕੇ ਝੂਠ ਦੇ ਮਗਰ ਲਗਦੇ ਹਨ (ਸਚੁ ਤਜਿਆ ਕੂੜੇ ਲਾਗੇ) ਉਨ੍ਹਾਂ ਮਨੁੱਖਾਂ ਨੇ ਆਪਣੇ ਜੀਵਨ ਰੂਪੀ ਬਾਜ਼ੀ ਹਾਰ ਲਈ ਹੈ। (ਤਿਨੀ ਜਨਮਿ ਜੂਐ ਹਾਰਿਆ॥)

**ਪ੍ਰਸ਼ਨ ੪੩: ਕਿਹੜੇ ਮਨੁੱਖਾਂ ਨੇ ਆਪਣੀ ਜਨਮ ਰੂਪੀ ਬਾਜ਼ੀ ਜਿੱਤ ਲਈ ਹੈ ?**

ਜੋ ਅੰਦਰੋ ਬਾਹਰੋਂ ਪਵਿੱਤਰ ਹੁੰਦੇ ਹਨ ਅਤੇ ਮਾਇਆ ਦੇ ਮੋਹ ਤੋਂ ਕੋਹਾਂ ਦੂਰ ਰਹਿੰਦੇ ਹਨ। ਮਾਇਕ ਮੋਹ ਦੀ ਖਬਰ ਵੀ ਉਹਨਾਂ ਤੱਕ ਨਹੀਂ ਪੁੱਜਦੀ। ਉਨ੍ਹਾਂ ਮਨੁੱਖਾਂ ਨੇ ਆਪਣੇ ਜੀਵਨ ਰੂਪੀ ਬਾਜ਼ੀ ਜਿੱਤ ਲਈ ਹੈ।

**ਪ੍ਰਸ਼ਨ ੪੪: ਇਸ ਜਗਤ ਵਿੱਚ ਕਿਹੜੇ ਮਨੁੱਖ ਭਲੇ ਹਨ?**

ਜਿਨ੍ਹਾਂ ਮਨੁੱਖਾਂ ਨੇ ਅਕਾਲਪੁਰਖ ਦਾ ਨਾਮ ਜਪ ਕੇ ਜੀਵਨ ਰੂਪੀ ਰਤਨ ਪ੍ਰਾਪਤ ਕੀਤਾ ਹੈ, ਉਹ ਭਲੇ ਹਨ। (ਜਨਮਿ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ॥)

**ਪ੍ਰਸ਼ਨ ੪੫: 'ਸਨਮੁਖ' ਤੋਂ ਕੀ ਭਾਵ ਹੈ?**

'ਸਨਮੁਖ' ਤੋਂ ਭਾਵ ਉਸ ਅਕਾਲਪੁਰਖ ਦੇ ਸਾਹਮਣੇ ਮੂੰਹ ਰੱਖਣ ਵਾਲਾ, ਭਾਵ ਇੱਜ਼ਤ ਪ੍ਰਾਪਤ ਕਰ ਸਕਣ ਵਾਲਾ ਹੈ।

**ਪ੍ਰਸ਼ਨ ੪੬: ਆਪ ਛਡਿ' ਦਾ ਕੀ ਭਾਵ ਹੈ?**

ਆਪ ਛਡਿ ਦਾ ਭਾਵ ਹੈ ਆਪਣੀ ਹਉਮੈ ਦਾ ਤਿਆਗ ਕਰਨਾ, ਆਪਣੇ ਆਪ ਨੂੰ ਨਾ ਜਤਾਉਣਾ। ਨਿਮਰਤਾ ਵਿੱਚ ਰਹਿਣਾ।

**ਪ੍ਰਸ਼ਨ ੪੭: 'ਰਹੈ ਪਰਣੈ' ਦਾ ਕੀ ਭਾਵ ਹੈ?**

ਰਹੈ ਪਰਣੈ ਦਾ ਭਾਵ ਹੈ ਪਰਮਾਤਮਾ ਦੇ ਆਸਰੇ ਰਹਿਣਾ।

**ਪ੍ਰਸ਼ਨ ੪੮: ਜੇ ਕੋਈ ਮਨੁੱਖ ਗੁਰੂ ਤੋਂ ਬੇਮੁਖ ਹੋ ਜਾਏ ਤਾਂ ਉਸਦੀ ਕੀ ਹਾਲਤ ਹੁੰਦੀ ਹੈ?**

ਜੇ ਕੋਈ ਮਨੁੱਖ ਗੁਰੂ ਤੋਂ ਬੇਮੁਖ ਹੋ ਜਾਂਦਾ ਹੈ ਤਾਂ ਉਹ ਅਨੇਕਾਂ ਜੂਨਾ ਵਿੱਚ ਭਟਕਦਾ ਰਹਿੰਦਾ ਹੈ, ਉਸਨੂੰ ਕਿਤੇ ਵੀ ਢੋਈ (ਮੁਕਤੀ) ਨਹੀਂ ਮਿਲਦੀ। (ਜੇ

ਕੋ ਗੁਰੁ ਤੇ ਬੇਮੁਖੁ ਹੋਵੈ ਵਿਣੁ ਸਤਿਗੁਰ ਮੁਕਤਿ ਨ ਪਾਵੈ॥)

**ਪ੍ਰਸ਼ਨ ੪੯: ਸਤਿਗੁਰੁ ਤੋਂ ਬੇਮੁਖੁ ਹੋਏ ਮਨੁੱਖ ਨੂੰ ਕਿਸ ਤਰਾਂ ਮੁਕਤੀ ਪ੍ਰਾਪਤ ਹੋ ਸਕਦੀ ਹੈ?**

ਗੁਰੁ ਤੋਂ ਬੇਮੁਖ ਹੋਏ ਮਨੁੱਖ ਨੂੰ ਦੁਬਾਰਾ ਗੁਰੁ ਦੀ ਸ਼ਰਨਿ ਵਿੱਚ ਆਇਆਂ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ। ਉਸ ਤੋਂ ਬਿਨਾਂ ਉਸਨੂੰ ਕਿਤੇ ਹੋਰ ਮੁਕਤੀ ਨਹੀਂ ਮਿਲ ਸਕਦੀ। ਭਾਵੇਂ ਉਹ ਜਿੱਥੋਂ ਮਰਜੀ ਵਿਚਾਰਵਾਨਾਂ ਤੋਂ ਜਾ ਕੇ ਪੁੱਛ ਲਵੇ - ਕੇਵਲ ਇਹੀ ਰਸਤਾ ਹੈ।

**ਪ੍ਰਸ਼ਨ ੫੦: 'ਬਾਣੀਆਂ ਸਿਰਿ ਬਾਣੀ' ਤੋਂ ਕੀ ਭਾਵ ਹੈ?**

'ਬਾਣੀਆਂ ਸਿਰਿ ਬਾਣੀ' ਤੋਂ ਭਾਵ ਹੈ ਕਿ ਇਹ ਬਾਣੀ ਹੋਰ ਸਾਰੀਆਂ ਬਾਣੀਆਂ ਤੋਂ ਉੱਤਮ ਬਾਣੀ ਹੈ।

**ਪ੍ਰਸ਼ਨ ੫੧: 'ਕੱਚੀ ਬਾਣੀ' ਤੋਂ ਕੀ ਭਾਵ ਹੈ?**

ਕੱਚੀ ਬਾਣੀ ਤੋਂ ਭਾਵ ਗੁਰੁ ਦੀ ਮਤਿ ਤੋਂ ਉਲਟ ਪ੍ਰਭਾਵ ਪਾਉਣ ਵਾਲੀ ਬਾਣੀ ਤੋਂ ਹੈ। ਜੋ ਮਨ ਨੂੰ ਨੀਵੇਂ ਪਾਸੇ ਵੱਲ ਲੈ ਜਾਂਦੀ ਹੈ।

**ਪ੍ਰਸ਼ਨ ੫੨: 'ਕਹਦੇ ਕਚੇ, ਸੁਣਦੇ ਕਚੇ, ਕਚੀਂ ਆਖਿ ਵਖਾਣੀ' ਤੋਂ ਕੀ ਭਾਵ ਹੈ?**

ਭਾਵ ਕਿ ਕੱਚੀ ਬਾਣੀ ਪੜ੍ਹਨ ਵਾਲੇ ਮਨੁੱਖ ਵੀ ਕੱਚੇ ਹਨ, ਸੁਣਨ ਵਾਲੇ ਵੀ ਕਮਜੋਰ ਹੁੰਦੇ ਹਨ ਅਤੇ ਜਿਹੜੇ ਇਸ ਬਾਣੀ ਦੀ ਵਿਆਖਿਆ ਕਰਦੇ ਹਨ, ਉਹਨਾਂ ਦੇ ਮਨ ਵੀ ਕਮਜੋਰ ਪੈ ਜਾਂਦੇ ਹਨ।

**ਪ੍ਰਸ਼ਨ ੫੩: 'ਬੋਲਨਿ ਪਏ ਰਵਾਣੀ' ਤੋਂ ਕੀ ਭਾਵ ਹੈ?**

ਜਿਨ੍ਹਾਂ ਮਨੁੱਖਾਂ ਦੇ ਮਨ ਮਾਇਆ ਦੇ ਪ੍ਰਭਾਵ ਹੇਠ ਆ ਗਏ ਹਨ, ਉਹ ਕੇਵਲ ਉਪਰੋਂ ਉਪਰੋਂ ਹੀ ਪਰਮਾਤਮਾ ਦਾ ਨਾਮ ਬੋਲਦੇ ਹਨ। ਪਰ ਉਨ੍ਹਾਂ ਦੇ ਹਿਰਦੇ ਵਿੱਚ ਕਪਟ, ਧੋਖੇ ਕਰਨ ਦੀ ਲਾਲਸਾ ਭਰੀ ਹੁੰਦੀ ਹੈ।

**ਪ੍ਰਸ਼ਨ ੫੪: ਸਭ ਤੋਂ ਮਹਿੰਗਾ ਅਤੇ ਅਮੋਲਕ ਰਤਨ ਕਿਹੜਾ ਹੈ?**

ਗੁਰੁ ਦਾ ਸ਼ਬਦ ਰੂਪੀ ਰਤਨ ਸਭ ਤੋਂ ਮਹਿੰਗਾ ਅਤੇ ਅਮੋਲਕ ਹੈ। ਇਸ ਰਤਨ ਦਾ ਕੋਈ ਵੀ ਮੁੱਲ ਨਹੀਂ ਪਾਇਆ ਜਾ ਸਕਦਾ। ਇਸ ਵਿੱਚ ਪਰਮਾਤਮਾ ਦੇ





ਨਾਮ ਰੂਪੀ ਵਡਿਆਈਆਂ ਦੇ ਹੀਰੇ ਜੜੇ ਹੋਏ ਹਨ।

**ਪ੍ਰਸ਼ਨ ੫੫: 'ਸਿਵ' ਅਤੇ 'ਸਕਤਿ' ਤੋਂ ਕੀ ਭਾਵ ਹੈ?**

'ਸਿਵ' ਤੋਂ ਭਾਵ ਹੈ ਜੀਵ ਆਤਮਾ ਅਤੇ 'ਸਕਤਿ' ਤੋਂ ਭਾਵ ਹੈ ਮਾਇਆ।

**ਪ੍ਰਸ਼ਨ ੫੬: ਕੀ ਵੇਦ ਜਾਂ ਧਾਰਮਿਕ ਗ੍ਰੰਥਾਂ ਦਾ ਗਿਆਨ ਵਿਚਾਰਨ ਨਾਲ ਆਤਮਿਕ ਅਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ?**

ਨਹੀਂ! ਵੇਦਾਂ ਜਾਂ ਧਾਰਮਿਕ ਗ੍ਰੰਥਾਂ ਦਾ ਗਿਆਨ ਹਾਸਿਲ ਕਰਨ ਨਾਲ ਆਤਮਿਕ ਅਨੰਦ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਅਸਲ ਅਨੰਦ ਦੀ ਪ੍ਰਾਪਤੀ ਗੁਰੁ ਦੀ ਸ਼ਰਣ ਵਿੱਚ ਆਉਣ ਨਾਲ ਹੀ ਪ੍ਰਾਪਤ ਹੁੰਦਾ ਹੈ।

**ਪ੍ਰਸ਼ਨ ੫੭: ਤਿਹੀ ਗੁਣੀ ਤੋਂ ਕੀ ਭਾਵ ਹੈ?**

**ਪ੍ਰਸ਼ਨ ੫੮: ਤੱਤ ਦੀ ਪ੍ਰਾਪਤੀ ਕਿਹੜੇ ਮਨੁੱਖਾਂ ਨੂੰ ਹੁੰਦੀ ਹੈ?**

ਤੱਤ ਭਾਵ ਆਤਮਿਕ ਅਨੰਦ ਦੀ ਪ੍ਰਾਪਤੀ ਕੇਵਲ ਉਨ੍ਹਾਂ ਮਨੁੱਖਾਂ ਨੂੰ ਹੁੰਦੀ ਹੈ ਜੋ ਅਨਦਿਨ (ਦਿਨ-ਰਾਤ, ਹਰ ਵੇਲੇ) ਪਰਮਾਤਮਾ ਦੇ ਨਾਮ ਵਿੱਚ ਲੀਨ ਰਹਿੰਦੇ ਹਨ ਅਤੇ ਜਾਗ ਕੇ ਸੁਚੇਤ ਹੋ ਜਾਂਦੇ ਹਨ

**ਪ੍ਰਸ਼ਨ ੫੯: ਪ੍ਰਭੂ ਕਿੱਥੇ-ਕਿੱਥੇ ਸਾਡੀ ਪ੍ਰਤਿਪਾਲਣਾ ਕਰਦਾ ਹੈ?**

ਪ੍ਰਭੂ ਜੀ ਤਾਂ ਮਾਤਾ ਦੇ ਉਦਰ (ਪੇਟ) ਵਿੱਚ ਪੁੱਠੇ ਲਟਕ ਰਹੇ ਜੀਵ ਦੀ ਵੀ ਪ੍ਰਤਿਪਾਲਣਾ ਕਰਦਾ ਹੈ। ਪੇਟ ਦੀ ਅੱਗ ਵਿੱਚ ਵੀ ਰਿਜ਼ਕ (ਖਾਣਾ-ਪਾਣੀ) ਭੇਜਦਾ ਹੈ।

**ਪ੍ਰਸ਼ਨ ੬੦: ਕੀ ਮਾਇਆ ਤੋਂ ਬਚਾਅ ਸੰਭਵ ਹੈ?**

ਜੀ ਹਾਂ। ਜਿਵੇਂ ਮਾਤਾ ਦੇ ਪੇਟ ਵਿਚਲੀ ਅਗਨੀ ਤੋਂ ਪ੍ਰਭੂ ਸਾਡੀ ਰੱਖਿਆ ਕਰਦਾ ਹੈ ਤਿਵੇਂ ਹੀ ਦੁਨੀਆਂ ਵਿੱਚ ਮਾਇਆ ਤੋਂ ਸਾਡੀ ਰੱਖਿਆ ਕਰ ਸਕਦਾ ਹੈ।

**ਪ੍ਰਸ਼ਨ ੬੧: ਕੀ ਮਾਇਆ ਵਿੱਚ ਰਹਿੰਦੇ ਹੋਏ ਪਰਮਾਤਮਾ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ?**

ਜੀ ਹਾਂ! ਜਿਨ੍ਹਾਂ ਮਨੁੱਖਾਂ ਦੀ ਗੁਰੂ ਬਖਸ਼ਿਸ਼ ਸਦਕਾ ਉਸ ਪ੍ਰਭੂ ਦੇ ਨਾਮ ਵਿੱਚ ਲਿਵ ਲੱਗ ਪੈਂਦੀ ਹੈ। ਉਹ ਮਨੁੱਖ ਮਾਇਆ ਵਿੱਚ ਰਹਿੰਦੇ ਹੋਏ ਹੀ ਪਰਮਾਤਮਾ ਨੂੰ ਪਾ ਲੈਂਦੇ ਹਨ। (ਗੁਰਪਰਸਾਦੀ ਜਿਨਾ ਲਿਵ ਲਾਗੀ ਤਿਨਿ ਵਿਚੇ ਮਾਇਆ ਪਾਇਆ॥)

**ਪ੍ਰਸ਼ਨ ੬੨: ਮਨੁੱਖ ਦੀ ਅਸਲੀ ਪੂੰਜੀ/ਖਜ਼ਾਨਾ ਕਿਹੜਾ ਹੈ?**

ਮਨੁੱਖ ਦੀ ਅਸਲੀ ਪੂੰਜੀ ਪ੍ਰਭੂ ਦਾ ਨਾਮ ਹੀ ਹੈ।

**ਪ੍ਰਸ਼ਨ ੬੩: ਬਾਣੀ ਅਨੰਦ ਸਾਹਿਬ ਮਨੁੱਖ ਦੀ ਰਸਨਾ ਲਈ ਕੀ ਉਪਦੇਸ਼ ਕਰਦੀ ਹੈ?**

ਇਸ ਬਾਣੀ ਰਾਹੀਂ ਜੀਭ ਨੂੰ ਹੋਰ-ਹੋਰ ਰਸ ਚੱਖਣ ਦੀ ਬਜਾਇ ਹਰੀ ਰਸ ਵਿੱਚ ਲੀਨ ਰਹਿਣ ਦਾ ਉਪਦੇਸ਼ ਕੀਤਾ ਗਿਆ ਹੈ।

**ਪ੍ਰਸ਼ਨ ੬੪: ਹਰਿ ਰਸ ਮਿਲ ਜਾਵੇ ਤਾਂ ਕੀ ਹੁੰਦਾ ਹੈ?**

ਹਰਿ ਰਸ ਮਿਲ ਜਾਏ ਤਾਂ ਮਾਇਆ ਦੀ ਤ੍ਰਿਸ਼ਨਾ ਖਤਮ ਹੋ ਜਾਂਦੀ ਹੈ।

**ਪ੍ਰਸ਼ਨ ੬੫: ਸਾਡਾ ਸਰੀਰ ਜਗਤ ਵਿੱਚ ਕਿਸ ਤਰ੍ਹਾਂ ਆਇਆ ਹੈ?**

ਪ੍ਰਭੂ ਨੇ ਸਾਡੇ ਸਰੀਰ ਵਿੱਚ ਜੋਤਿ ਪਾਈ ਤਾਂ ਹੀ ਸਾਡਾ ਜਨਮ ਹੋਇਆ ਹੈ। ਇੰਝ ਹਰਿ ਹੀ ਸਾਡਾ ਪਿਤਾ ਹੈ, ਮਾਤਾ ਹੈ। ਇਹ ਜਗਤ ਤਾਂ ਇੱਕ ਖੇਡ ਹੈ।

**ਪ੍ਰਸ਼ਨ ੬੬: ਪ੍ਰਭੂ ਦੇ ਆਉਣ ਦੀ ਗੱਲ ਸੁਣਨ ਨਾਲ ਕੀ ਹੁੰਦਾ ਹੈ?**

ਜਦੋਂ ਮਨੁੱਖ ਇਹ ਅਨੁਭਵ ਕਰਦਾ ਹੈ ਕਿ ਪ੍ਰਭੂ ਮੇਰੇ ਹਿਰਦੇ ਵਿੱਚ ਆ ਵਸਿਆ ਹੈ ਤਾਂ ਮਨ ਵਿੱਚ ਚਾਉ, ਉਮਾਹਾ ਉਤਸ਼ਾਹ ਪੈਦਾ ਹੋ ਜਾਂਦਾ ਹੈ। ਸਾਡਾ ਹਿਰਦਾ ਘਰ ਹੀ ਹੁਣ ਪ੍ਰਭੂ ਦਾ ਮੰਦਰ ਬਣ ਜਾਂਦਾ ਹੈ। ਕੋਈ ਫਿਕਰ, ਦੁਖ ਪਰੇਸ਼ਾਨ ਨਹੀਂ ਕਰ ਸਕਦਾ।

**ਪ੍ਰਸ਼ਨ ੬੭: 'ਕਰਣ ਕਾਰਣ' ਤੋਂ ਕੀ ਭਾਵ ਹੈ?**

ਜਗਤ ਵਿੱਚ ਸਾਰੀ ਖੇਡ 'ਕਾਰਣ ਤੇ ਪ੍ਰਭਾਵ' (ਛੋਸੲ ਫ਼ ਓਡਡੲਚਟ) ਦੀ ਹੈ ਪਰ ਕਾਰਣ ਨੂੰ ਕਰਨ ਵਾਲਾ ਪ੍ਰਭੂ ਹੀ ਹੈ। ਇਸੇ ਲਈ ਉਸਨੂੰ ਕਾਰਣ ਕਰਣ ਵੀ ਕਿਹਾ ਜਾਂਦਾ ਹੈ।

**ਪ੍ਰਸ਼ਨ ੬੮: ਆਪਣੇ ਆਪ ਤੋਂ ਕੀ ਸੁਆਲ ਪੁੱਛਿਆ ਕਰੀਏ?**





ਆਪਣੇ ਆਪ ਤੋਂ ਪੁੱਛੀਏ ਕਿ ਹੇ ਮੇਰੇ ਸਰੀਰ! ਇਸ ਜਗਤ ਵਿੱਚ ਆ ਕਿ ਤੂ ਕੀ ਕੰਮ ਕੀਤਾ ਹੈ? ਜਿਸ ਹਰੀ ਨੇ ਤੈਨੂੰ ਜਨਮ ਦਿੱਤਾ ਹੈ, ਕੀ ਤੂੰ ਉਸਨੂੰ ਆਪਣੇ ਮਨ ਵਿੱਚ ਵਸਾਇਆ ਹੈ?

**ਪ੍ਰਸ਼ਨ ੬੯: ਕਿਹੜਾ ਸਰੀਰ ਪਰਵਾਣ ਹੁੰਦਾ ਹੈ?**

ਉਹੀ ਸਰੀਰ ਪ੍ਰਵਾਣ ਹੁੰਦਾ ਹੈ ਜੋ ਸਤਿਗੁਰੂ ਨਾਲ ਚਿਤੁ ਜੋੜਦਾ ਹੈ। (ਜਿਨ ਸਤਿਗੁਰ ਸਿਉ ਚਿਤੁ ਲਾਇਆ॥)

**ਪ੍ਰਸ਼ਨ ੭੦: ਮਨੁੱਖ ਦੀਆਂ ਅੱਖਾਂ ਲਈ ਕੀ ਉਪਦੇਸ਼ ਹੈ?**

ਪਾਤਸ਼ਾਹ ਉਪਦੇਸ਼ ਕਰਦੇ ਹਨ ਕਿ ਪਰਮਾਤਮਾ ਨੇ ਅੱਖਾਂ ਵਿੱਚ ਜੋਤ ਧਰੀ ਹੈ। ਇਹਨਾਂ ਅੱਖਾਂ ਨਾਲ ਹਰ ਪਾਸੇ, ਹਰ ਜੀਵ ਵਿੱਚ ਪਰਮਾਤਮਾ ਦਾ ਦੀਦਾਰ ਹੀ ਕਰਨਾ ਚਾਹੀਦਾ ਹੈ।

**ਪ੍ਰਸ਼ਨ ੭੧: ਦਿਬ ਦ੍ਰਿਸ਼ਟੀ ਕਿਵੇਂ ਬਣ ਸਕਦੀ ਹੈ?**

ਦਿਬ ਦ੍ਰਿਸ਼ਟੀ ਭਾਵ ਚਮਕਦਾਰ ਤੇ ਰੌਸ਼ਨ ਦ੍ਰਿਸ਼ਟੀ ਤਾਂ ਹੀ ਬਣ ਸਕਦੀ ਹੈ ਜੇ ਸਤਿਗੁਰੂ ਸਾਨੂੰ ਮਿਲ ਪਵੇ। ਇੰਝ ਹਰ ਪਾਸੇ ਪ੍ਰਭੂ ਹੀ ਪ੍ਰਭੂ ਨਜ਼ਰੀਂ ਪੈਂਦਾ ਹੈ।

**ਪ੍ਰਸ਼ਨ ੭੨: ਮਨੁੱਖ ਦੇ ਕੰਨਾਂ ਲਈ ਕੀ ਉਪਦੇਸ਼ ਹੈ?**

ਕੰਨਾਂ ਨੂੰ ਸੱਚ ਅਤੇ ਸੱਚੀ ਬਾਣੀ ਸੁਣਨ ਦਾ ਉਪਦੇਸ਼ ਦਿੱਤਾ ਗਿਆ ਹੈ। (ਸਾਚੈ ਸੁਣਨੈ ਨੋ ਪਠਾਏ॥)

**ਪ੍ਰਸ਼ਨ ੭੩: 'ਸੱਚੀ ਬਾਣੀ' ਸੁਣਨ ਨਾਲ ਕੀ ਹੁੰਦਾ ਹੈ?**

ਸੱਚੀ ਬਾਣੀ ਸੁਣਨ ਨਾਲ ਮਨੁੱਖ ਦਾ ਮਨ ਤੇ ਤਨ ਹਰਿਆ ਭਰਿਆ ਹੋ ਜਾਂਦਾ ਹੈ ਅਤੇ ਮਨੁੱਖ ਦੀ ਰਸਨਾ ਹਰ ਵੇਲੇ ਉਸ ਪਰਮਾਤਮਾ ਦੇ ਨਾਮ ਰਸ ਵਿੱਚ ਲੀਨ ਰਹਿੰਦੀ ਹੈ। (...ਮਨ ਤਨ ਹਰਿਆ ਹੋਆ ਰਸਨਾ ਰਸਿ ਸਮਾਣੀ॥)

**ਪ੍ਰਸ਼ਨ ੭੪: 'ਜੀਓ' ਕੀ ਹੈ ਅਤੇ 'ਗੁਫਾ' ਕੀ ਹੈ?**

'ਜੀਓ' ਦਾ ਭਾਵ ਹੈ ਇਹ ਜਿੰਦ ਅਤੇ 'ਗੁਫਾ' ਦਾ ਭਾਵ ਹੈ ਸਾਡਾ ਸਰੀਰ। ਪ੍ਰਭੂ ਨੇ ਜਿੰਦ ਨੂੰ ਸਰੀਰ ਵਿੱਚ ਰੱਖਿਆ ਹੈ।

**ਪ੍ਰਸ਼ਨ ੭੫: 'ਵਾਜਾ ਪਵਣੁ ਵਜਾਇਆ' ਦਾ ਕੀ ਭਾਵ ਹੈ?**

ਪਵਣ ਭਾਵ ਹਵਾ ਰਾਹੀਂ ਮਨੁੱਖ ਨੂੰ ਪ੍ਰਭੂ ਨੇ ਬੋਲਣ ਦੀ ਸ਼ਕਤੀ ਦਿੱਤੀ ਹੈ। ਬਿਨਾਂ ਪਵਣ ਦੇ ਆਵਾਜ਼ ਦਾ ਵਾਜਾ ਨਹੀਂ ਵੱਜ ਸਕਦਾ।

**ਪ੍ਰਸ਼ਨ ੭੬: 'ਨੌਂ ਦੁਆਰੇ' ਤੋਂ ਕੀ ਭਾਵ ਹੈ? ਅਤੇ ਇਹ ਕਿਹੜੇ-ਕਿਹੜੇ ਹਨ?**

'ਨੌਂ ਦੁਆਰੇ' ਤੋਂ ਭਾਵ ਨੌਂ ਦਰਵਾਜੇ ਹਨ, ੨ ਅੱਖਾਂ, ੨ ਨਾਸਾਂ, ੨ ਕੰਨ, ੧ ਮੂੰਹ, ੧ ਗੁਦਾ ਅਤੇ ੧ ਲਿੰਗ ਆਦਿ ਹਨ।

**ਪ੍ਰਸ਼ਨ ੭੭: ਦਸਵਾਂ ਦੁਆਰ ਕਿਹੜਾ ਹੈ? ਇਸਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ?**

ਦਸਵਾਂ ਦੁਆਰ ਮਨੁੱਖ ਦੀ ਅਧਿਆਤਮ ਸ਼ਕਤੀ ਦਾ ਦਰਵਾਜਾ ਹੈ। ਇਸਦੀ ਪ੍ਰਾਪਤੀ ਉਨ੍ਹਾਂ ਮਨੁੱਖਾਂ ਨੂੰ ਹੁੰਦੀ ਹੈ, ਜਿਨ੍ਹਾਂ ਨੂੰ ਪ੍ਰਮਾਤਮਾ ਆਪਣੀ ਬਖਸ਼ਿਸ਼ ਕਰਕੇ ਆਪ ਸੋਝੀ ਬਖਸ਼ਦਾ ਹੈ।

**ਪ੍ਰਸ਼ਨ ੭੮: 'ਅਨੰਦ ਪ੍ਰਾਪਤ ਹੋ ਗਿਆ ਹੈ' ਇਸ ਦੀਆਂ ਕੀ ਨਿਸ਼ਾਨੀਆਂ ਹਨ?**

ਆਨੰਦ ਪ੍ਰਾਪਤ ਹੋਣ ਦੀਆਂ ਨਿਸ਼ਾਨੀਆਂ ਹਨ :

- ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੋ ਗਈਆਂ (ਸਗਲ ਮਨੋਰਥ ਪੂਰੇ)
- ਪ੍ਰਭੂ ਮਿਲ ਗਿਆ (ਪਾਰਬ੍ਰਹਮ ਪ੍ਰਭੁ ਪਾਇਆ)
- ਸਾਰੀਆਂ ਚਿੰਤਾਵਾਂ-ਝੋਰੇ ਦੂਰ ਹੋ ਗਏ (ਉਤਰੇ ਸਗਲ ਵਿਸੂਰੇ)
- ਦੁਖ, ਰੋਗ, ਸੰਤਾਪ ਉਤਰ ਗਏ (ਦੂਖ ਰੋਗ ਸੰਤਾਪ ਉਤਰੇ)
- ਹਿਰਦੇ ਖਿੜ ਪਏ (ਭਏ ਸਰਸੇ)...

**ਪ੍ਰਸ਼ਨ ੭੯: ਮਨੁੱਖ ਦੇ ਦੁੱਖਾਂ ਤੇ ਰੋਗਾਂ ਦਾ ਨਾਸ ਕਿਵੇਂ ਹੋ ਸਕਦਾ ਹੈ?**

ਮਨੁੱਖ ਦੇ ਦੁਖਾਂ ਤੇ ਰੋਗਾਂ ਦਾ ਨਾਸ ਕੇਵਲ ਤੇ ਕੇਵਲ ਸੱਚੀ ਬਾਣੀ ਨੂੰ ਪੜਿਆਂ ਅਤੇ ਸੁਣਿਆਂ ਹੀ ਹੋ ਸਕਦਾ ਹੈ।

**ਪ੍ਰਸ਼ਨ ੮੦: ਸੰਤਾਪ ਤੋਂ ਕੀ ਭਾਵ ਹੈ?**

ਸੰਤਾਪ ਤੋਂ ਭਾਵ ਹੈ ਕਲੇਸ਼।

**ਪ੍ਰਸ਼ਨ ੮੧: 'ਸਰਸੇ' ਤੋਂ ਕੀ ਭਾਵ ਹੈ?**

'ਸਰਸੇ' ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ - ਸ+ਰਸੇ। ਜਿਸਦਾ ਭਾਵ ਹੈ ਰਸ ਨਾਲ ਭਰਪੂਰ।





**ਪ੍ਰਸ਼ਨ ੮੨: 'ਸੰਤ ਸਾਜਨ ਭਏ ਸਰਸੇ' ਤੋਂ ਕੀ ਭਾਵ ਹੈ?**

ਭਾਰਤ ਦੇ ਹਰਿਆਣਾ ਰਾਜ ਵਿੱਚ ਇੱਕਥਾਂ ਹੈ - ਸਿਰਸਾ। ਕਈ ਸੱਜਣ ਇਹ ਪ੍ਰਚਾਰ ਕਰਦੇ ਹਨ ਕਿ ਸਰਸੇ ਵਾਲੇ ਸੰਤ ਬਾਰੇ ਗੁਰੂ ਜੀ ਨੇ ਭਵਿੱਖਬਾਣੀ ਕੀਤੀ ਹੈ। ਇਹ ਗਲਤ ਹੈ। ਇਸਦਾ ਭਾਵ ਹੈ: ਜਿਨ੍ਹਾਂ ਮਨੁੱਖਾਂ ਨੇ ਉਸ ਪਰਮਾਤਮਾ ਦਾ ਨਾਮ ਜਪਿਆ ਉਹ ਵਿਸਮਾਦੀ ਰਸ ਨਾਲ ਭਰਪੂਰ ਹੋ ਗਏ ਹਨ।

**ਪ੍ਰਸ਼ਨ ੮੩: 'ਵਾਜੇ ਅਨਹਦ ਤੂਰੇ' ਤੋਂ ਕੀ ਭਾਵ ਹੈ?**

ਤੂਰੇ ਦਾ ਭਾਵ ਹੈ ਵਾਜੇ (ਸਾਜ)। ਜਦ ਮਨੁੱਖ ਪ੍ਰਭੂ ਚਰਨਾਂ ਨਾਲ ਜੁੜ ਜਾਂਦਾ ਹੈ ਤਾਂ ਇੰਝ ਮਹਿਸੂਸ ਹੁੰਦਾ ਹੈ ਕਿ ਸੁਰ ਅੰਤਰੀਵ ਵਿੱਚ ਲਗਾਤਾਰ, ਬਿਨਾਂ ਰੁਕੇ, ਵਾਜੇ ਵੱਜ ਰਹੇ ਹਨ।

**ਪ੍ਰਸ਼ਨ ੮੪: ਅਨੰਦ ਬਾਣੀ ਦਾ ਸਮੁੱਚਾ ਭਾਵ ਸੰਖੇਪ ਵਿੱਚ ਲਿਖੋ।**

ਅਨੰਦ ਬਾਣੀ ਦਾ ਸਮੁੱਚਾ ਭਾਵ ਇਉਂ ਹੈ:

- ਖੁਸ਼ੀ, ਖੇੜਾ, ਅਨੰਦ ਪਦਾਰਥਾਂ ਦੇ ਰਾਹੀਂ ਨਹੀਂ ਪਰਮਾਤਮਾ ਰਾਹੀਂ ਮਿਲਦਾ ਹੈ।
- ਸਾਰੇ ਦੁੱਖ-ਰੋਗ, ਕਲਹ-ਕਲੇਸ਼, ਭਟਕਨਾ, ਸਹਸਾ, ਤੌਖਲਾ, ਚਿੰਤਾਵਾਂ... ਦੂਰ ਹੋ ਜਾਂਦੀਆਂ ਹਨ।
- ਇਹ ਅਨੰਦ ਕੇਵਲ ਤੇ ਕੇਵਲ ਨਦਰਿ ਨਾਲ, ਮਿਹਰ ਨਾਲ ਮਿਲਦਾ ਹੈ, ਕਿਸੇ ਕਰਮ-ਕਾਂਡ ਨਾਲ ਨਹੀਂ।

## ਔਖੇ ਸ਼ਬਦਾਂ ਦੇ ਅਰਥ

| | |
|---|---|
| ਅਨੰਦੁ | ਪੂਰਨ ਖਿੜਾਓ |
| ਸਹਜ ਸੇਤੀ | ਅਡੋਲ ਅਵਸਥਾ ਦੇ ਨਾਲ |
| ਕੇਰਾ | ਦਾ |
| ਵਿਸਾਰਣਾ | ਦੂਰ ਕਰਨ ਵਾਲਾ |
| ਅੰਗੀਕਾਰ | ਅੰਗ ਰੱਖਿਅਕ, ਸਹਾਇਤਾ ਕਰਨ ਵਾਲਾ |
| ਸਮਰਥ | ਕਰਨ ਯੋਗ, ਕਰਣਹਾਰ |
| ਵਿਸਾਰੇ | ਭੁੱਲਣਾ |
| ਵਸਾਵਏ | ਵਸਾ ਲੈਂਦਾ ਹੈ |
| ਘਨੇਰੇ | ਬੇਅੰਤ, ਅਨੇਕਾਂ |
| ਗਵਾਈਆ | ਦੂਰ ਕਰ ਦਿੱਤੀਆਂ ਹਨ |
| ਪੁਜਾਈਆ | ਪੂਰੀਆਂ ਕਰ ਦਿੱਤੀਆਂ ਹਨ |
| ਕੁਰਬਾਣੁ | ਬਲਿਹਾਰ, ਸਦਕੇ |
| ਵਿਟਹੁ | ਤੋਂ |
| ਪੰਚ | ਪੰਜ |
| ਸਭਾਗੈ | ਚੰਗੇ ਭਾਗਾਂ ਵਾਲੇ |
| ਕੰਟਕੁ | ਕੰਡਾ, ਡਰ |





| | |
|---|---|
| ਧੁਰਿ ਕਰਮਿ | ਮੁੱਢ ਤੋਂ ਹੀ, ਸ਼ੁਰੂ ਤੋਂ ਹੀ |
| ਸਾਚੀ ਲਿਵੈ | ਸੱਚੀ ਲਗਨ, ਸਦਾ ਥਿਰ ਰਹਿਣ ਵਾਲੀ |
| ਨਿਮਾਣੀ | ਜਿਸਦਾ ਕੋਈ ਆਸਰਾ ਨਹੀਂ |
| ਬਨਵਾਰੀਆ | ਬਨ+ਵਾੜੀ, ਜਗਤ ਵਾੜੀ ਦਾ ਮਾਲਕ |
| ਸਵਾਰੀਆ | ਸੁਚੱਜੇ/ਚੰਗੇ ਪਾਸੇ ਵੱਲ ਲੱਗਣਾ |
| ਕਿਲਵਿਖ | ਪਾਪ, ਮਾੜੇ ਕਰਮ |
| ਅੰਜਨੁ | ਸੁਰਮਾ |
| ਦਹਦਿਸਿ | ਦਸੀਂ ਪਾਸੀਂ, ਭਟਕਦੇ ਫਿਰਨਾ |
| ਅਕਥ | ਜੋ ਬਿਆਨ ਨ ਕੀਤੇ ਜਾ ਸਕਣ |
| ਕਹਾਣੀ | ਵਡਿਆਈ, ਸਿਫਤਿ ਸਾਲਾਹ |
| ਕਿਤੁ ਦੁਆਰੈ | ਕਿਸ ਤਰੀਕੇ ਨਾਲ |
| ਸਉਪਿ | ਹਵਾਲੇ ਕਰਨਾ |
| ਚੰਚਲਾ | ਚਲਾਕ, ਚਤੁਰ |
| ਕਿਨੈ | ਕਿਸੇ ਵੀ ਮਨੁੱਖ ਨੇ |
| ਏਤੁ ਭਰਮਿ | ਇਸ ਭੁਲੇਖੇ ਵਿੱਚ |
| ਠਗਉਲੀ | ਠਗ-ਬੂਟੀ, ਭੁਲੇਖਾ ਪਾਉਣ ਵਾਲੀ |
| ਸਮਾਲੇ | ਚੇਤੇ ਰੱਖਣਾ, ਯਾਦ ਰੱਖਣਾ |
| ਕੁਟੰਬੁ | ਪਰਿਵਾਰ |
| ਕੀਚੈ | ਕਰਨਾ ਚਾਹੀਦਾ ਹੈ |
| ਅਗਮ | ਅਪਹੁੰਚ |

| | |
|---|---|
| ਅਗੋਚਰ | ਗਿਆਨ ਇੰਦਰਿਆਂ ਦੀ ਪਹੁੰਚ ਤੋਂ ਪਰੇ |
| ਵਖਾਣਏ | ਬਿਆਨ ਕਰਨਾ |
| ਉਪਾਇਆ | ਪੈਦਾ ਕੀਤਾ ਹੈ |
| ਸੁਰਿ | ਦੇਵਤੇ |
| ਮੁਨਿ ਜਨ | ਮੁਨੀ ਜਨ, ਰਿਸ਼ੀ ਲੋਕ |
| ਪਰਸਣਿ | ਛੂਹਣ ਲਈ |
| ਚੂਕਾ | ਮੁੱਕ ਗਿਆ |
| ਭਲਾ ਭਾਇਆ | ਪਿਆਰਾ ਲਗਣਾ |
| ਤੁਠਾ | ਪ੍ਰਸੰਨ ਹੋਇਆ |
| ਨਿਰਾਲੀ | ਵਿਲੱਖਣ, ਵੱਖਰੀ |
| ਬਿਖਮੁ | ਔਖਾ |
| ਤਜਿ | ਤਿਆਗਣਾ |
| ਖੰਨਿਅਹੁ | ਤਲਵਾਰ ਨਾਲੋਂ, ਖੰਡੇ ਨਾਲੋਂ |
| ਵਾਲਹੁ | ਵਾਲ ਨਾਲੋਂ ਭੀ |
| ਏਤੁ ਮਾਰਗਿ | ਇਸ ਰਸਤੇ ਉੱਤੇ |
| ਭਾਵੈ | ਭਾਉਂਦਾ ਹੈਂ, ਤੈਨੂੰ ਚੰਗਾ ਲੱਗਦਾ ਹੈ |
| ਸੋਹਿਲਾ | ਖੁਸ਼ੀ ਦੇ ਗੀਤ |
| ਸੁਹਾਵਾ | ਸੋਹਣਾ |
| ਸਾਬਾਈਆ | ਸਾਰੀ ਹੀ |
| ਕਰਮੀ | ਬਾਹਰਲੇ ਕਰਮ ਕਾਂਡ |





| | |
|---|---|
| ਸਹਜ | ਅਡੋਲਤਾ, ਆਤਮਿਕ ਅਨੰਦ |
| ਸਹਸਾ | ਚਿੰਤਾ, ਅੰਦੇਸਾ |
| ਸੰਜਮਿ | ਜੁਗਤੀ, ਤਰਕੀਬ |
| ਜੀਉ | ਹਿਰਦਾ, ਅੰਤਰ ਆਤਮਾ |
| ਮਲੀਣੁ | ਮੈਲਾ, ਗੰਦਾ |
| ਬੇਤਾਲਿਆ | ਬੇਤਾਲੇ, ਭੂਤਨੇ, ਪਾਗਲ |
| ਕਰਣੀ | ਘਾਲ ਕਮਾਈ, ਆਚਰਨ |
| ਸੋਇ | ਖਬਰ, ਸੂਹ |
| ਮਨਸਾ | ਮਨ ਦਾ ਫੁਰਨਾ, ਆਸਾਂ |
| ਖਟਿਆ | ਜਿੱਤਿਆ, ਜਿਤਣਾ |
| ਸਨਮੁਖੁ | ਸਾਹਮਣੇ ਪੇਸ਼ ਹੋਣਾ |
| ਪਰਣੈ | ਆਸਰੇ |
| ਵੇਮੁਖ | ਮੁੱਖ ਮੋੜਨਾ |
| ਬਿਬੇਕੀਆ | ਸੂਝਵਾਨ, ਵਿਦਵਾਨ, ਸਮਝਦਾਰ |
| ਨਦਰਿ | ਮਿਹਰ ਦੀ ਦ੍ਰਿਸ਼ਟੀ |
| ਸਾਰਿਗਪਾਣੀ | ਧਨੁੱਖਧਾਰੀ ਪ੍ਰਭੂ |
| ਕਚੀ | ਮਨ ਨੂੰ ਨੀਵਾਂ ਲਿਜਾਣ ਵਾਲੀ ਬਾਣੀ |
| ਹਿਰਿ ਲਇਆ | ਪ੍ਰਭਾਵ ਪਾ ਲਿਆ |
| ਰਵਾਣੀ | ਉਪਰੋਂ ਉਪਰੋਂ, ਜ਼ਬਾਨੀ |
| ਭਾਉ | ਪਿਆਰ |

| | |
|---|---|
| **ਬੁਝਾਇ** | ਸੂਝ ਦਿੰਦਾ ਹੈ |
| **ਸਿਵ** | ਜੀਵ ਆਤਮਾ |
| **ਸਕਤਿ** | ਮਾਇਆ |
| **ਤਤੈ ਸਾਰ** | ਅਸਲੀਅਤ, ਤੱਤ ਦੀ ਸੂਝ |
| **ਬਾਝਹੁ** | ਬਿਨਾਂ |
| **ਉਦਰ** | ਪੇਟ |
| **ਪ੍ਰਤਿਪਾਲ** | ਰੱਖਿਆ |
| **ਆਹਾਰੁ** | ਭੋਜਨ |
| **ਪੋਹਿ** | ਛੂਹਣਾ |
| **ਸਮਾਲੀਐ** | ਸਿਮਰਨਾ |
| **ਛੁੜਕੀ** | ਟੁੱਟ ਗਈ |
| **ਅਮਰੁ** | ਹੁਕਮੁ ਚਲਾਉਣਾ, ਭੁਲਾ ਦੇਣਾ |
| **ਅਮੁਲਕੁ** | ਅਮੋਲ, ਜਿਸਦਾ ਕੋਈ ਮੁਲ ਨਹੀਂ |
| **ਵਿਟਹੁ** | ਤੋਂ |
| **ਵਿਲਲਾਇ** | ਕਲਪਣਾ |
| **ਸਉਪੀਐ** | ਅਰਪਣ ਕਰਨਾ |
| **ਰਾਸਿ** | ਪੂੰਜੀ |
| **ਲਾਹਾ** | ਨਫਾ, ਫਾਇਦਾ |
| **ਦਿਹਾੜੀ** | ਹਰ ਰੋਜ਼, ਅਨਦਿਨ |
| **ਅਨਰਸਿ** | ਹੋਰ ਰਸ |





| | |
|---|---|
| **ਰਾਚਿ ਰਹੀ** | ਮਸਤ ਹੋਣਾ |
| **ਹੋਰਤੁ ਕਿਤੈ** | ਕਿਸੇ ਹੋਰ ਥਾਂ ਤੇ |
| **ਬਹੁੜਿ** | ਮੁੜ ਕੇ, ਦੁਬਾਰਾ |
| **ਚਲਤੁ** | ਖੇਡ, ਤਮਾਸ਼ਾ |
| **ਮੂਲੁ** | ਮੁੱਢ, ਸ਼ੁਰੂ, ਆਰੰਭਤਾ |
| **ਆਗਮੁ** | ਸੁਨੇਹਾ, ਖਬਰ |
| **ਮੰਗਲੁ** | ਖੁਸ਼ੀ ਦਾ ਗੀਤ |
| **ਗ੍ਰਿਹੁ** | ਹਿਰਦਾ ਰੂਪੀ ਘਰ |
| **ਵਿਆਪਏ** | ਆਉਂਦੇ |
| **ਸਭਾਗੇ** | ਚੰਗੇ ਭਾਗਾਂ ਨਾਲ |
| **ਪਿਰੁ** | ਪਤੀ |
| **ਅਨਹਤ** | ਇੱਕ ਰਸ, ਲਗਾਤਾਰ |
| **ਕਿਆ** | ਕੀ |
| **ਰਚਨੁ ਰਚਿਆ** | ਬਣਾਇਆ, ਪੈਦਾ ਕੀਤਾ |
| **ਨੇਤ੍ਰ** | ਅੱਖਾਂ |
| **ਨਿਹਾਲਿਆ** | ਵੇਖਣਾ |
| **ਵਿਸੁ** | ਵਿਸ਼ਵ |
| **ਅਵਰੁ** | ਹੋਰ |
| **ਦਿਬ ਦ੍ਰਿਸਟਿ** | ਦਿਵਯ ਦ੍ਰਿਸ਼ਟੀ |
| **ਸ੍ਰਵਣ** | ਕੰਨ |

| | |
|---|---|
| ਪਠਾਏ | ਬਣਾਏ, ਭੇਜੇ |
| ਹਰਿਆ | ਖਿੜਿਆ ਹੋਇਆ |
| ਵਿਡਾਣੀ | ਚੋਜ, ਅਸਚਰਜ ਕੌਤਕ |
| ਜੀਉ | ਅੰਤਰ ਆਤਮਾ |
| ਗੁਫਾ | ਸਰੀਰ |
| ਨਉ ਦੁਆਰੇ | ਨੌ ਦਰਵਾਜੇ |
| ਗੁਪਤੁ | ਲੁਕੋ ਕੇ |
| ਭਾਵਨੀ | ਸ਼ਰਧਾ, ਪ੍ਰੇਮ |
| ਨਵ ਨਿਧਿ | ਨੌ ਖਜ਼ਾਨੇ |
| ਬੁਝਾਵਹੇ | ਸਮਝਾ ਦਿੰਦਾ ਹੈਂ |
| ਮਨੋਰਥ | ਸਾਰੀਆਂ ਆਸਾਂ, ਇੱਛਾਵਾਂ |
| ਸਰਸੇ | ਸ+ਰਸੇ, ਰਸ ਨਾਲ ਭਰਪੂਰ |
| ਪੁਨੀਤ | ਪਵਿੱਤਰ |
| ਪਵਿਤੁ | ਪਵਿੱਤਰ |
| ਅਨਹਦ | ਅਨਗਿਣਤ, ਬੇਅੰਤ |
| ਤੂਰੇ | ਵਾਜੇ, ਸਾਜ |





## ਰਾਮਕਲੀ ਮਹਲਾ ੩ ਅਨੰਦੁ
### ੧ੴ ਸਤਿਗੁਰ ਪ੍ਰਸਾਦਿ ॥

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥**
**ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥**

ਹੇ ਮੇਰੀ ਮਾਂ! ਗੁਰੂ ਮਿਲਿਆ ਤੇ ਮੇਰੇ ਅੰਦਰ ਪੂਰਨ ਖਿੜਾਉ ਪੈਦਾ ਹੋ ਗਿਆ। ਮਨ ਡੋਲਣੋਂ ਹਟ ਗਿਆ, ਖ਼ੁਸ਼ੀ ਦੇ ਵਾਜੇ ਵੱਜ ਪਏ ।

**ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥**
**ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥**
**ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥**

ਸ਼ਬਦ ਗਾਉਣ ਲਈ ਮਨ ਵਿਚ ਰਾਗ ਰਾਣੀਆਂ ਪਰਵਾਰ ਸਮੇਤ ਆ ਗਏ। ਤੁਸੀ ਭੀ ਸਿਫ਼ਤਿ-ਸਾਲਾਹ ਦਾ ਗੀਤ ਗਾਵੋ । ਜਿਨ੍ਹਾਂ ਨੇ ਨਾਮ ਸ਼ਬਦ ਮਨ ਵਿਚ ਵਸਾਇਆ ਹੈ ਉਹਨਾਂ ਦੇ ਅੰਦਰ ਪੂਰਨ ਖਿੜਾਉ ਪੈਦਾ ਹੋ ਜਾਂਦਾ ਹੈ । ਨਾਨਕ ਆਖਦਾ ਹੈ ਸਤਿਗੁਰੂ ਮਿਲਿਆ ਤੇ ਮੇਰੇ ਅੰਦਰ ਭੀ ਆਨੰਦ ਬਣ ਗਿਆ ।

**ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥**
**ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥**

ਹੇ ਮੇਰੇ ਮਨ! ਤੂੰ ਸਦਾ ਪ੍ਰਭੂ ਦੇ ਨਾਲ ਰਹਿ । ਤੂੰ ਸਦਾ ਪ੍ਰਭੂ ਨੂੰ ਯਾਦ ਰੱਖ, ਉਹ ਸਾਰੇ ਦੁੱਖ ਦੂਰ ਕਰਨ ਵਾਲਾ ਹੈ ।

**ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥**
**ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥**
**ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥**

ਉਹ ਸਦਾ ਤੇਰੀ ਸਹਾਇਤਾ ਕਰਨ ਵਾਲਾ ਹੈ, ਸਾਰੇ ਕੰਮ ਸਿਰੇ ਚਾੜ੍ਹਦਾ ਹੈ। ਮਨ ਮੇਰੇ ! ਉਸ ਮਾਲਕ ਨੂੰ ਕਿਉਂ ਭੁਲ ਜਾਂਦਾ ਹੈਂ ਜੋ ਸਾਰੇ ਕੰਮ ਕਰਨ-ਜੋਗਾ ਹੈ? ਨਾਨਕ ਆਖਦਾ ਹੈ—ਹੇ ਮੇਰੇ ਮਨ! ਤੂੰ ਸਦਾ ਪ੍ਰਭੂ ਦੇ ਚਰਨਾਂ ਵਿਚ ਜੁੜਿਆ ਰਹੁ।੨।

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥**
**ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥**

ਹੇ ਸਚੇ ਪ੍ਰਭੂ! ਤੇਰੇ ਘਰ ਵਿਚ ਕੀ ਨਹੀਂ ਹੈ? ਤੇਰੇ ਘਰ ਵਿਚ ਤਾਂ ਹਰੇਕ ਚੀਜ਼ ਮੌਜੂਦ ਹੈ, ਪਰ ਜਿਸ ਨੂੰ ਤੂੰ ਆਪ ਦੇਂਦਾ ਹੈਂ, ਉਹੀ ਮਨੁੱਖ ਪ੍ਰਾਪਤ ਕਰ ਸਕਦਾ ਹੈ।

**ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥**
**ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥**
**ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥**

ਫਿਰ, ਉਹ ਮਨੁੱਖ ਤੇਰਾ ਨਾਮ ਜਪਦਾ ਹੈ ਤੇ ਤੇਰੀ ਸਿਫ਼ਤਿ-ਸਾਲਾਹ ਆਪਣੇ ਮਨ ਵਿਚ ਵਸਾਂਦਾ ਹੈ। ਜਿਨ੍ਹਾਂ ਦੇ ਮਨ ਵਿਚ ਨਾਮ ਵੱਸਦਾ ਹੈ, ਉਹਨਾਂ ਦੇ ਅੰਦਰ, ਬੇਅੰਤ ਸਾਜ਼ਾਂ ਦੀਆਂ ਮਿਲਵੀਆਂ ਸੁਰਾਂ ਵੱਜਣ ਲੱਗ ਪੈਂਦੀਆਂ ਹਨ। ਮਨ ਵਿਚ ਖ਼ੁਸ਼ੀ ਤੇ ਚਾਉ ਪੈਦਾ ਹੁੰਦਾ ਹੈ। ਨਾਨਕ ਆਖਦਾ ਹੈ—ਹੇ ਸਚੇ ਮਾਲਕ! ਤੇਰੇ ਘਰ ਵਿਚ ਕਿਸੇ ਗਲ ਦਾ ਘਾਟਾ ਨਹੀਂ ਹੈ ।

**ਸਾਚਾ ਨਾਮੁ ਮੇਰਾ ਆਧਾਰੋ ॥**
**ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥**





ਸਚਾ ਨਾਮ ਮੇਰੀ ਜ਼ਿੰਦਗੀ ਦਾ ਆਸਰਾ ਬਣ ਗਿਆ ਹੈ। ਜਿਸ ਨੇ ਮੇਰੇ ਸਾਰੇ ਲਾਲਚ, ਸਾਰੀਆਂ ਭੁਖਾਂ ਦੂਰ ਕਰ ਦਿੱਤੀਆਂ ਹਨ।

**ਕਰਿ ਸਾਂਤਿ ਸੁਖ ਮਨਿ ਆਇ ਵਸਿਆ**
**ਜਿਨਿ ਇਛਾ ਸਭਿ ਪੁਜਾਈਆ ॥**
**ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ**
**ਜਿਸ ਦੀਆ ਏਹਿ ਵਡਿਆਈਆ ॥**

ਸ਼ਾਂਤੀ ਤੇ ਸੁਖ ਪੈਦਾ ਕਰਕੇ ਮੇਰੇ ਮਨ ਵਿਚ ਸਚਾ ਨਾਮ ਆ ਟਿਕਿਆ ਹੈ ਤੇ ਮੇਰੇ ਮਨ ਦੀਆਂ ਸਾਰੀਆਂ ਕਾਮਨਾਂਵਾਂ ਪੂਰੀਆਂ ਕਰ ਦਿੱਤੀਆਂ ਹਨ। ਮੈਂ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ, ਕਿਉਂਕਿ ਇਹ ਸਾਰੀਆਂ ਬਰਕਤਾਂ ਗੁਰੂ ਦੀਆਂ ਹੀ ਹਨ।

**ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥**
**ਸਾਚਾ ਨਾਮੁ ਮੇਰਾ ਆਧਾਰੋ ॥੪॥**

ਨਾਨਕ ਆਖਦਾ ਹੈ—ਹੇ ਸੰਤ ਜਨੋ! ਸੁਣੋ ! ਗੁਰੂ ਦੇ ਸ਼ਬਦ ਵਿਚ ਪਿਆਰ ਬਣਾਓ । ਗੁਰੂ ਦੀ ਮੇਹਰ ਨਾਲ ਪ੍ਰਭੂ ਦਾ ਸਦਾ ਕਾਇਮ ਰਹਿਣ ਵਾਲਾ ਨਾਮ ਮੇਰੀ ਜ਼ਿੰਦਗੀ ਦਾ ਆਸਰਾ ਬਣ ਗਿਆ ਹੈ ।

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥**
**ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥**

ਉਸ ਭਾਗਾਂ ਵਾਲੇ ਹਿਰਦੇ ਵਿਚ ਜਿਵੇਂ ਪੰਜ ਕਿਸਮਾਂ ਦੇ ਸਾਜ਼ਾਂ ਦੀਆਂ ਮਿਲਵੀਆਂ ਸੁਰਾਂ ਵੱਜ ਪੈਂਦੀਆਂ ਹਨ, ਪੂਰਨ ਆਨੰਦ ਬਣ ਜਾਂਦਾ ਹੈ ਜਿਸ ਹਿਰਦੇ ਘਰ ਵਿਚ ਪ੍ਰਭੂ ਸੱਤਿਆ ਪਾਂਦਾ ਹੈ।

**ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥**
**ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥**
**ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥**

ਪੰਜੇ ਵੈਰੀ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ - ਤੂੰ ਕਾਬੂ ਵਿਚ ਕਰ ਮੌਤ ਦਾ ਡਰ ਵੀ ਦੂਰ ਕਰ ਦੇਂਦਾ ਹੈਂ । ਪਰ ਸਿਰਫ਼ ਉਹੀ ਮਨੁੱਖ ਹਰਿ-ਨਾਮ ਵਿਚ ਜੁੜਦੇ ਹਨ ਜਿਨ੍ਹਾਂ ਦੇ ਭਾਗਾਂ ਵਿਚ ਤੂੰ ਧੁਰ ਤੋਂ ਹੀ ਸਿਮਰਨ ਦਾ ਲੇਖ ਲਿਖ ਦਿੱਤਾ ਹੈ। ਨਾਨਕ ਆਖਦਾ ਹੈ—ਉਸ ਹਿਰਦੇ-ਘਰ ਵਿਚ ਸੁਖ ਪੈਦਾ ਹੁੰਦਾ ਹੈ, ਮਾਨੋ ਲਗਾਤਾਰ ਵਾਜੇ ਵੱਜਦੇ ਹਨ ।

**ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥**
**ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥**

ਪ੍ਰਭੂ-ਚਰਨਾਂ ਦੀ ਪ੍ਰੀਤ ਦੀ ਲਗਨ ਦੇ ਆਨੰਦ ਤੋਂ ਬਿਨਾ ਇਹ ਮਨੁੱਖਾ ਸਰੀਰ ਨਿਆਸਰਾ ਰਹਿੰਦਾ ਹੈ । ਫਿਰ ਇਹ ਸਰੀਰ ਨਕਾਰੇ ਕੰਮ ਹੀ ਕਰਦਾ ਹੈ ।

**ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥**
**ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ॥**
**ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥੬॥**

ਹੇ ਜਗਤ ਦੇ ਮਾਲਕ! ਤੈਥੋਂ ਬਿਨਾ ਕੋਈ ਹੋਰ ਥਾਂ ਨਹੀਂ ਜਿਥੇ ਇਹ ਸਰੀਰ ਸੁਚੱਜੇ ਪਾਸੇ ਲੱਗ ਸਕੇ, ਕੋਈ ਹੋਰ ਇਸ ਨੂੰ ਸੁਚੱਜੇ ਪਾਸੇ ਲਗਾਉਣ ਜੋਗਾ ਹੀ ਨਹੀਂ। ਤੂੰ ਹੀ ਕਿਰਪਾ ਕਰ, ਤਾਂ ਕਿ ਇਹ ਗੁਰੂ ਦੇ ਸ਼ਬਦ ਵਿਚ ਲੱਗ ਕੇ ਸੁਧਰ ਜਾਏ। ਨਾਨਕ ਆਖਦਾ ਹੈ—ਪ੍ਰਭੂ-ਚਰਨਾਂ ਦੀ ਪ੍ਰੀਤ ਤੋਂ ਬਿਨਾ ਇਹ ਸਰੀਰ ਜੋ ਕੁਝ ਵੀ ਕਰਦਾ ਹੈ ਨਿਕੰਮਾ ਕੰਮ ਹੀ ਕਰਦਾ ਹੈ ।

**ਆਨਦੁ ਆਨਦੁ ਸਭੁ ਕੋ ਕਹੈ ਆਨਦੁ ਗੁਰੂ ਤੇ ਜਾਣਿਆ ॥**





**ਜਾਣਿਆ ਆਨਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥**

ਆਖਣ ਨੂੰ ਤਾਂ ਹਰ ਕੋਈ ਆਖ ਦੇਂਦਾ ਹੈ ਕਿ ਮੈਨੂੰ ਆਨੰਦ ਪ੍ਰਾਪਤ ਹੋ ਗਿਆ ਹੈ, ਪਰ ਅਸਲ ਆਨੰਦ ਦੀ ਸੂਝ ਗੁਰੂ ਤੋਂ ਹੀ ਮਿਲਦੀ ਹੈ । ਹੇ ਪਿਆਰੇ ਭਾਈ! ਅਸਲ ਆਨੰਦ ਦੀ ਸੂਝ ਸਦਾ ਗੁਰੂ ਤੋਂ ਹੀ ਮਿਲਦੀ ਹੈ ।

**ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥**
**ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥**
**ਕਹੈ ਨਾਨਕੁ ਏਹੁ ਅਨਦੁ ਹੈ ਆਨਦੁ ਗੁਰ ਤੇ ਜਾਣਿਆ ॥੭॥**

ਗੁਰੂ ਕਿਰਪਾ ਕਰਕੇ ਅੰਦਰੋਂ ਪਾਪ ਕੱਟ ਦੇਂਦਾ ਹੈ, ਆਤਮਕ ਜੀਵਨ ਦੀ ਸੂਝ ਦਾ ਸੁਰਮਾ ਪਾ ਦੇਂਦਾ ਹੈ । ਜਿਨ੍ਹਾਂ ਦੇ ਮਨ ਵਿਚੋਂ ਮਾਇਆ ਦਾ ਮੋਹ ਮੁੱਕ ਜਾਂਦਾ ਹੈ, ਪ੍ਰਭੂ ਉਹਨਾਂ ਦਾ ਬੋਲ ਹੀ ਸੁਚੱਜਾ ਮਿੱਠਾ ਕਰ ਦੇਂਦਾ ਹੈ । ਨਾਨਕ ਆਖਦਾ ਹੈ—ਅਸਲ ਆਨੰਦ ਇਹੀ ਹੈ, ਤੇ ਇਹ ਆਨੰਦ ਗੁਰੂ ਤੋਂ ਹੀ ਸਮਝਿਆ ਜਾ ਸਕਦਾ ਹੈ।

**ਬਾਬਾ ਜਿਸੁ ਤੂ ਦੇਹਿ, ਸੋਈ ਜਨੁ ਪਾਵੈ ॥**
**ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ ॥**

ਹੇ ਪ੍ਰਭੂ! ਜਿਸ ਮਨੁੱਖ ਨੂੰ ਤੂੰ ਦਾਤਿ ਦੇਂਦਾ ਹੈਂ ਉਹੀ ਪ੍ਰਾਪਤ ਕਰਦਾ ਹੈ ਤੇ ਇਸ ਨੂੰ ਮਾਣਦਾ ਹੈ, ਹੋਰਨਾਂ ਵਿਚਾਰਿਆਂ ਦੀ ਕੋਈ ਵਾਹ ਨਹੀਂ ਲਗਦੀ ।

**ਇਕਿ ਭਰਮਿ ਭੂਲੇ ਫਿਰਹਿ ਦਹਦਿਸਿ ਇਕਿ ਨਾਮਿ ਲਾਗਿ ਸਵਾਰਿਆ॥**
**ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥**
**ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥੮॥**

ਕਈ ਮਾਇਆ ਦੀ ਭਟਕਣਾ ਵਿਚ ਭੁੱਲੇ ਹੋਏ ਦਸੀਂ ਪਾਸੀਂ ਦੌੜਦੇ ਫਿਰਦੇ ਹਨ, ਕਈਆਂ ਨੂੰ ਤੂੰ ਆਪਣੇ ਨਾਮ ਵਿਚ ਜੋੜ ਕੇ ਜਨਮ ਸਵਾਰ ਦੇਂਦਾ ਹੈਂ । ਜਿਨ੍ਹਾਂ ਨੂੰ ਤੇਰੀ ਰਜ਼ਾ ਪਿਆਰੀ ਲੱਗਣ ਲੱਗ ਪੈਂਦੀ ਹੈ, ਗੁਰੂ ਦੀ ਕਿਰਪਾ ਨਾਲ ਉਹਨਾਂ ਦਾ

ਮਨ ਪਵਿਤ੍ਰ ਹੋ ਜਾਂਦਾ ਹੈ । ਨਾਨਕ ਆਖਦਾ ਹੈ — ਜਿਸ ਨੂੰ ਪ੍ਰਭੂ ਆਤਮਕ ਆਨੰਦ ਦੀ ਦਾਤਿ ਬਖ਼ਸ਼ਦਾ ਹੈ, ਉਹੀ ਇਸ ਨੂੰ ਮਾਣ ਸਕਦਾ ਹੈ ।੮।

**ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥**
**ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥**

ਹੇ ਪਿਆਰੇ ਸੰਤ ਜਨੋ! ਆਓ, ਅਸੀਂ ਬੇਅੰਤ ਗੁਣਾਂ ਵਾਲੇ ਪਰਮਾਤਮਾ ਦੀਆਂ ਸਿਫ਼ਤਿ-ਸਾਲਾਹ ਕਰੀਏ, ਉਸ ਪ੍ਰਭੂ ਦੀਆਂ ਕਹਾਣੀਆਂ ਸੁਣੀਏ, ਸੁਣਾਈਏ ਜਿਸ ਦੇ ਗੁਣ ਬਿਆਨ ਤੋਂ ਪਰੇ ਹਨ ।ਪਰ ਉਹ ਪ੍ਰਭੂ ਕਿਸ ਤਰੀਕੇ ਨਾਲ ਮਿਲਦਾ ਹੈ ?

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥**
**ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥**
**ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥੯॥**

ਆਪਣਾ ਤਨ ਮਨ ਧਨ ਸਭ ਕੁਝ ਗੁਰੂ ਦੇ ਹਵਾਲੇ ਕਰੀਏ, ਜੇ ਗੁਰੂ ਦਾ ਹੁਕਮ ਮਿੱਠਾ ਲੱਗਣ ਲੱਗ ਪਏ ਤਾਂ ਪਰਮਾਤਮਾ ਮਿਲ ਪੈਂਦਾ ਹੈ । ਗੁਰੂ ਦੇ ਹੁਕਮ ਉੱਤੇ ਤੁਰੋ ਤੇ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਗਾਇਆ ਕਰੋ । ਨਾਨਕ ਆਖਦਾ ਹੈ—ਹੇ ਸੰਤ ਜਨੋ ਸੁਣੋ, ਉਸ ਅਕੱਥ ਪ੍ਰਭੂ ਦੀਆਂ ਕਹਾਣੀਆਂ ਕਰਿਆ ਕਰੋ ।੯।

**ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥**
**ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥**

ਹੇ ਚੰਚਲ ਮਨ! ਚਲਾਕੀਆਂ ਨਾਲ ਕਿਸੇ ਨੇ ਭੀ ਆਤਮਕ ਆਨੰਦ ਹਾਸਲ ਨਹੀਂ ਕੀਤਾ । ਹੇ ਮੇਰੇ ਮਨ! ਤੂੰ ਸੁਣ ਲੈ ਕਿ ਕਿਸੇ ਜੀਵ ਨੇ ਭੀ ਚਤੁਰਾਈ ਨਾਲ, ਨਿਰੀਆਂ ਗੱਲਾਂ ਨਾਲ ਆਤਮਕ ਆਨੰਦ, ਮਿਲਾਪ ਦਾ ਆਨੰਦ ਪ੍ਰਾਪਤ ਨਹੀਂ ਕੀਤਾ।





**ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥**
**ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥**

ਮਾਇਆ ਨੇ ਜੀਵਾਂ ਨੂੰ ਭੁਲੇਖੇ ਵਿਚ ਪਾਇਆ ਹੋਇਆ ਹੈ ਕਿ ਮੋਹ ਮਿੱਠੀ ਚੀਜ਼ ਹੈ, ਇਸ ਤਰ੍ਹਾਂ ਕੁਰਾਹੇ ਪਾਈ ਰੱਖਦੀ ਹੈ ।ਪਰ ਜਿਸ ਪ੍ਰਭੂ ਨੇ ਮਾਇਆ ਦੇ ਮੋਹ ਦੀ ਠਗਬੂਟੀ (ਜੀਵਾਂ ਨੂੰ) ਚੰਬੋੜੀ ਹੈ ਉਸੇ ਨੇ ਇਹ ਮੋਹਣੀ ਮਾਇਆ ਪੈਦਾ ਕੀਤੀ ਹੈ ।

**ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥**
**ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥**

ਹੇ ਮੇਰੇ ਮਨ! ਆਪਣੇ ਆਪ ਨੂੰ ਪ੍ਰਭੂ ਤੋਂ ਹੀ ਸਦਕੇ ਕਰੋ ਜਿਸ ਨੇ ਮਿੱਠਾ ਮੋਹ ਲਾਇਆ ਹੈ (ਤਦੋਂ ਹੀ ਇਹ ਮਿੱਠਾ ਮੋਹ ਮੁੱਕਦਾ ਹੈ) ।ਨਾਨਕ ਆਖਦਾ ਹੈ—ਹੇ ਚੰਚਲ ਮਨ! ਚਤੁਰਾਈਆਂ ਨਾਲ ਕਿਸੇ ਨੂੰ ਆਤਮਕ ਆਨੰਦ ਨਹੀਂ ਲੱਭਾ ।੧੦।

**ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥**
**ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥**

ਹੇ ਪਿਆਰੇ ਮਨ! ਤੂੰ ਸਦਾ ਸੱਚੇ ਪ੍ਰਭੂ ਨੂੰ ਆਪਣੇ ਅੰਦਰ ਸੰਭਾਲ ਰੱਖ! ਇਹ ਜੇਹੜਾ ਪਰਵਾਰ ਤੂੰ ਵੇਖਦਾ ਹੈਂ, ਇਸ ਨੇ ਤੇਰੇ ਨਾਲ ਨਹੀਂ ਨਿਭਣਾ ।

**ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥**
**ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥**

ਇਸ ਪਰਵਾਰ ਦੇ ਮੋਹ ਵਿਚ ਕਿਉਂ ਫਸਦਾ ਹੈਂ? ਇਸ ਨੇ ਤੇਰੇ ਨਾਲ ਤੋੜ ਸਦਾ ਦਾ ਸਾਥ ਨਹੀਂ ਨਿਬਾਹ ਸਕਣਾ । ਉਹ ਕੰਮ ਕਦੇ ਭੀ ਕਰਨਾ ਨਹੀਂ ਚਾਹੀਦਾ ਜਿਸ ਨਾਲ ਆਖ਼ਰ ਪਛਤਾਵਾ ਹੋਵੇ ।

ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥
ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥

ਸਤਿਗੁਰੂ ਦੀ ਸਿੱਖਿਆ ਗਹੁ ਨਾਲ ਸੁਣ, ਇਹ ਉਪਦੇਸ਼ ਸਦਾ ਨਾਲ ਰੱਖਣਾ ਚਾਹੀਦਾ ਹੈ। ਨਾਨਕ ਆਖਦਾ ਹੈ—ਹੇ ਪਿਆਰੇ ਮਨ! ਸਦਾ-ਥਿਰ ਪਰਮਾਤਮਾ ਨੂੰ ਹਰ ਵੇਲੇ ਆਪਣੇ ਅੰਦਰ ਸਾਂਭ ਕੇ ਰੱਖ ।੧੧।

ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥
ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥

ਹੇ ਅਪਹੁੰਚ ਹਰੀ! ਹੇ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਰਹਿਣ ਵਾਲੇ ਪ੍ਰਭੂ! ਤੇਰੇ ਗੁਣਾਂ ਦਾ ਕਿਸੇ ਨੇ ਅੰਤ ਨਹੀਂ ਲੱਭਾ । ਆਪਣੇ ਅਸਲ ਸਰੂਪ ਨੂੰ ਤੂੰ ਆਪ ਹੀ ਜਾਣਦਾ ਹੈਂ, ਹੋਰ ਕੋਈ ਜੀਵ ਤੇਰੇ ਗੁਣਾਂ ਦਾ ਅਖ਼ੀਰ ਨਹੀਂ ਲੱਭ ਸਕਦਾ ।

ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥
ਆਖਹਿ ਤ ਵੇਖਹਿ ਸਭੁ ਤੂ ਹੈ ਜਿਨਿ ਜਗਤੁ ਉਪਾਇਆ ॥
ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ ॥੧੨॥

ਇਹ ਸਾਰੇ ਜੀਵ ਤੇਰਾ ਹੀ ਰਚਿਆ ਹੋਇਆ ਇਕ ਖੇਲ ਹੈ ਤਾਂ ਫਿਰ ਕੋਈ ਆਖ ਕੇ ਬਿਆਨ ਕਰੇ ਭੀ ਕਿਸ ਤਰ੍ਹਾਂ? ਜਿਸ ਨੇ ਇਹ ਸੰਸਾਰ ਪੈਦਾ ਕੀਤਾ ਹੈ ਓਹ ਹਰੇਕ ਜੀਵ ਵਿਚ ਆਪ ਹੀ ਬੋਲਦਾ ਹੈ, ਆਪ ਹੀ ਸੰਭਾਲ ਕਰਦਾ ਹੈ । ਨਾਨਕ ਆਖਦਾ ਹੈ—ਤੂੰ ਸਦਾ ਅਪਹੁੰਚ ਹੈਂ, ਕਿਸੇ ਜੀਵ ਨੇ ਤੇਰੇ ਗੁਣਾਂ ਦਾ ਕਦੇ ਅੰਤ ਨਹੀਂ ਲੱਭਾ ।੧੨।

ਸੁਰਿ ਨਰ ਮੁਨਿਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥

ਆਤਮਕ ਆਨੰਦ ਦੇ ਅੰਮ੍ਰਿਤ ਨੂੰ ਦੇਵਤੇ, ਮਨੁੱਖ ਤੇ ਮੁਨੀ ਲੋਕ ਲੱਭਦੇ ਫਿਰਦੇ





ਹਨ, ਪਰ ਇਹ ਅੰਮ੍ਰਿਤ ਗੁਰੂ ਤੋਂ ਹੀ ਮਿਲਦਾ ਹੈ । ਜਿਸ ਮਨੁੱਖ ਉੱਤੇ ਗੁਰੂ ਨੇ ਮੇਹਰ ਕੀਤੀ ਉਸ ਨੇ ਅੰਮ੍ਰਿਤ ਪ੍ਰਾਪਤ ਕਰ ਲਿਆ ਕਿਉਂਕਿ ਉਸ ਨੇ ਸਦਾ ਥਿਰ ਪ੍ਰਭੂ ਆਪਣੇ ਮਨ ਵਿਚ ਟਿਕਾ ਲਿਆ ।

ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ ॥
ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ ॥
ਕਹੈ ਨਾਨਕੁ ਜਿਸ ਨੋ ਆਪਿ ਤੁਠਾ,
ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥

ਹੇ ਪ੍ਰਭੂ! ਸਾਰੇ ਜੀਅ ਜੰਤ ਤੂੰ ਹੀ ਪੈਦਾ ਕੀਤੇ ਹਨ, ਤੇਰੀ ਪ੍ਰੇਰਨਾ ਨਾਲ ਹੀ ਕਈ ਜੀਵ ਗੁਰੂ ਦਾ ਦੀਦਾਰ ਕਰ ਕੇ ਚਰਨ ਛੁਹਣ ਆਉਂਦੇ ਹਨ, ਸਤਿਗੁਰੂ ਉਹਨਾਂ ਨੂੰ ਪਿਆਰਾ ਲੱਗਦਾ ਹੈ, ਉਹਨਾਂ ਦਾ ਲੱਬ ਲੋਭ ਤੇ ਅਹੰਕਾਰ ਦੂਰ ਹੋ ਜਾਂਦਾ ਹੈ । ਨਾਨਕ ਆਖਦਾ ਹੈ—ਪ੍ਰਭੂ ਜਿਸ ਮਨੁੱਖ ਉਤੇ ਪ੍ਰਸੰਨ ਹੁੰਦਾ ਹੈ, ਉਸ ਨੇ ਆਤਮਕ ਆਨੰਦ-ਰੂਪ ਅੰਮ੍ਰਿਤ ਗੁਰੂ ਤੋਂ ਪ੍ਰਾਪਤ ਕਰ ਲਿਆ ਹੈ ।੧੩।

ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥

ਆਤਮਕ ਆਨੰਦ ਮਾਣਨ ਵਾਲੇ ਭਗਤਾਂ ਦੀ ਜੀਵਨ-ਜੁਗਤੀ ਦੁਨੀਆ ਨਾਲੋਂ ਸਦਾ ਵੱਖਰੀ ਹੁੰਦੀ ਹੈ, ਇਹ ਪੱਕੀ ਗੱਲ ਹੈ ਭਗਤਾਂ ਦੀ ਜੀਵਨ-ਜੁਗਤੀ (ਹੋਰਨਾਂ ਨਾਲੋਂ) ਵੱਖਰੀ ਹੁੰਦੀ ਹੈ । ਉਹ ਔਖੇ ਰਸਤੇ ਉਤੇ ਤੁਰਦੇ ਹਨ ਭਾਵ ਲੱਬ ਲੋਭ ਅਹੰਕਾਰ ਤੇ ਮਾਇਆ ਦੀ ਤ੍ਰਿਸ਼ਨਾ ਤਿਆਗਦੇ ਹਨ ਤੇ ਬਹੁਤਾ ਨਹੀਂ ਬੋਲਦੇ, ਆਪਣੀ ਸੋਭਾ ਹੀ ਨਹੀਂ ਕਰਦੇ ਫਿਰਦੇ।

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥

**ਕਹੈ ਨਾਨਕੁ   ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥**

ਇਸ ਰਸਤੇ ਉਤੇ ਤੁਰਨਾ ਔਖੀ ਖੇਡ ਹੈ ਕਿਉਂਕਿ ਇਹ ਖੰਡੇ ਦੀ ਧਾਰ ਨਾਲੋਂ ਤ੍ਰਿੱਖਾ ਹੈ ਤੇ ਵਾਲ ਨਾਲੋਂ ਪਤਲਾ ਹੈ ਭਾਵ ਹਰ ਵੇਲੇ ਵਾਸਨਾ ਮਨ ਦੀ ਅਡੋਲਤਾ ਨੂੰ ਧੱਕਾ ਦੇਂਦੀ ਰਹਿੰਦੀ ਹੈ । ਪਰ ਜਿਨ੍ਹਾਂ ਨੇ ਗੁਰੂ ਦੀ ਕਿਰਪਾ ਨਾਲ ਆਪਾ-ਭਾਵ ਛੱਡ ਦਿੱਤਾ ਹੈ, ਉਹਨਾਂ ਦੀ ਮਾਇਕ ਵਾਸਨਾ ਹਰੀ-ਪ੍ਰਭੂ ਦੀ ਯਾਦ ਵਿਚ ਮੁੱਕ ਜਾਂਦੀ ਹੈ। ਨਾਨਕ ਆਖਦਾ ਹੈ— ਭਗਤ ਜਨਾਂ ਦੀ ਜੀਵਨ-ਜੁਗਤੀ ਸਦਾ ਤੋਂ ਹੀ ਦੁਨੀਆ ਨਾਲੋਂ ਵੱਖਰੀ ਚਲੀ ਆ ਰਹੀ ਹੈ ।੧੪।

**ਜਿਉ ਤੂ ਚਲਾਇਹਿ   ਤਿਵ ਚਲਹ ਸੁਆਮੀ**
**ਹੋਰੁ ਕਿਆ ਜਾਣਾ ਗੁਣ ਤੇਰੇ ॥**
**ਜਿਵ ਤੂ ਚਲਾਇਹਿ ਤਿਵੈ ਚਲਹ   ਜਿਨਾ ਮਾਰਗਿ ਪਾਵਹੇ ॥**

ਹੇ ਮਾਲਕ-ਪ੍ਰਭੂ! ਜਿਵੇਂ ਤੂੰ ਸਾਨੂੰ ਤੋਰਦਾ ਹੈਂ, ਤਿਵੇਂ ਅਸੀ ਤੁਰਦੇ ਹਾਂ, ਤੇਰੇ ਗੁਣਾਂ ਦਾ ਹੋਰ ਭੇਤ ਮੈਂ ਨਹੀਂ ਜਾਣਦਾ । ਜਿਸ ਰਾਹੇ ਤੂੰ ਸਾਨੂੰ ਤੋਰਦਾ ਹੈਂ, ਉਸੇ ਰਾਹੇ ਅਸੀ ਤੁਰਦੇ ਹਾਂ ।

**ਕਰਿ ਕਿਰਪਾ ਜਿਨ ਨਾਮਿ ਲਾਇਹਿ   ਸਿ ਹਰਿ ਹਰਿ ਸਦਾ ਧਿਆਵਹੇ॥**
**ਜਿਸ ਨੋ ਕਥਾ ਸੁਣਾਇਹਿ ਆਪਣੀ   ਸਿ ਗੁਰ ਦੁਆਰੈ ਸੁਖੁ ਪਾਵਹੇ ॥**
**ਕਹੈ ਨਾਨਕੁ ਸਚੇ ਸਾਹਿਬ   ਜਿਉ ਭਾਵੈ ਤਿਵੈ ਚਲਾਵਹੇ ॥੧੫॥**

ਜਿਨ੍ਹਾਂ ਬੰਦਿਆਂ ਨੂੰ ਆਤਮਕ ਆਨੰਦ ਮਾਣਨ ਦੇ ਰਸਤੇ ਉਤੇ ਤੋਰਦਾ ਹੈਂ, ਜਿਨ੍ਹਾਂ ਨੂੰ ਮੇਹਰ ਕਰ ਕੇ ਆਪਣੇ ਨਾਮ ਵਿਚ ਜੋੜਦਾ ਹੈਂ, ਉਹ ਸਦਾ ਹਰੀ-ਨਾਮ ਸਿਮਰਦੇ ਹਨ । ਜਿਸ ਜਿਸ ਮਨੁੱਖ ਨੂੰ ਤੂੰ ਆਪਣੀ ਸਿਫ਼ਤਿ-ਸਾਲਾਹ ਦੀ ਬਾਣੀ ਸੁਣਾਉਂਦਾ ਹੈਂ , ਸੁਣਨ ਵਲ ਪ੍ਰੇਰਦਾ ਹੈਂ, ਉਹ ਗੁਰੂ ਦੇ ਦਰ ਤੇ ਆਤਮਕ ਆਨੰਦ ਮਾਣਦੇ ਹਨ । ਨਾਨਕ ਆਖਦਾ ਹੈ—ਹੇ ਸਦਾ-ਥਿਰ ਰਹਿਣ ਵਾਲੇ ਮਾਲਕ! ਜਿਵੇਂ





ਤੈਨੂੰ ਚੰਗਾ ਲੱਗਦਾ ਹੈ, ਉਸੇ ਤਰ੍ਹਾਂ ਤੂੰ ਸਾਨੂੰ ਜੀਵਨ-ਰਾਹ ਉਤੇ ਤੋਰਦਾ ਹੈਂ ।੧੫।

**ਏਹੁ ਸੋਹਿਲਾ   ਸਬਦੁ ਸੁਹਾਵਾ ॥**
**ਸਬਦੋ ਸੁਹਾਵਾ ਸਦਾ ਸੋਹਿਲਾ   ਸਤਿਗੁਰੂ ਸੁਣਾਇਆ ॥**
**ਏਹੁ ਤਿਨ ਕੈ ਮੰਨਿ ਵਸਿਆ   ਜਿਨ ਧੁਰਹੁ ਲਿਖਿਆ ਆਇਆ ॥**

ਸਤਿਗੁਰੂ ਦਾ ਇਹ ਸੋਹਣਾ ਸ਼ਬਦ ਆਤਮਕ ਆਨੰਦ ਦੇਣ ਵਾਲਾ ਗੀਤ ਹੈ, ਸਤਿਗੁਰੂ ਨੇ ਜੇਹੜਾ ਸੋਹਣਾ ਸ਼ਬਦ ਸੁਣਾਇਆ ਹੈ ਉਹ ਸਦਾ ਆਤਮਕ ਆਨੰਦ ਦੇਣ ਵਾਲਾ ਹੈ । ਪਰ ਇਹ ਗੁਰ-ਸ਼ਬਦ ਉਹਨਾਂ ਦੇ ਮਨ ਵਿਚ ਵੱਸਦਾ ਹੈ ਜਿਨ੍ਹਾਂ ਦੇ ਮੱਥੇ ਤੇ ਧੁਰੋਂ ਲਿਖਿਆ ਲੇਖ ਉੱਘੜਦਾ ਹੈ ।

**ਇਕਿ ਫਿਰਹਿ ਘਨੇਰੇ ਕਰਹਿ ਗਲਾ   ਗਲੀ ਕਿਨੈ ਨ ਪਾਇਆ ॥**
**ਕਹੈ ਨਾਨਕੁ   ਸਬਦੁ ਸੋਹਿਲਾ   ਸਤਿਗੁਰੂ ਸੁਣਾਇਆ ॥੧੬॥**

ਬਥੇਰੇ ਅਨੇਕਾਂ ਐਸੇ ਬੰਦੇ ਫਿਰਦੇ ਹਨ ਜੋ ਗਿਆਨ ਦੀਆਂ ਗੱਲਾਂ ਤਾਂ ਕਰਦੇ ਹਨ ਪਰ ਨਿਰੀਆਂ ਗੱਲਾਂ ਨਾਲ ਆਤਮਕ ਆਨੰਦ ਕਿਸੇ ਨੂੰ ਨਹੀਂ ਮਿਲਿਆ । ਨਾਨਕ ਆਖਦਾ ਹੈ—ਸਤਿਗੁਰੂ ਦਾ ਸੁਣਾਇਆ ਹੋਇਆ ਸ਼ਬਦ ਹੀ ਆਤਮਕ ਆਨੰਦ-ਦਾਤਾ ਹੈ ।੧੬।

**ਪਵਿਤੁ ਹੋਏ ਸੇ ਜਨਾ   ਜਿਨੀ ਹਰਿ ਧਿਆਇਆ ॥**
**ਹਰਿ ਧਿਆਇਆ ਪਵਿਤੁ ਹੋਏ   ਗੁਰਮੁਖਿ ਜਿਨੀ ਧਿਆਇਆ ॥**

ਗੁਰ-ਸ਼ਬਦ ਸਦਕਾ ਜਿਨ੍ਹਾਂ ਨੇ ਪਰਮਾਤਮਾ ਦਾ ਨਾਮ ਸਿਮਰਿਆ ਉਹ ਪਵਿਤ੍ਰ ਜੀਵਨ ਵਾਲੇ ਬਣ ਗਏ । ਗੁਰੂ ਦੀ ਸਰਨ ਪੈ ਕੇ ਜਿਨ੍ਹਾਂ ਜਿਨ੍ਹਾਂ ਨੇ ਹਰੀ ਦਾ ਨਾਮ ਸਿਮਰਿਆ ਉਹ ਸੁੱਧ ਆਚਰਨ ਵਾਲੇ ਹੋ ਗਏ।

**ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ   ਪਵਿਤੁ ਸੰਗਤਿ ਸਬਾਈਆ॥**
**ਕਹਦੇ ਪਵਿਤੁ   ਸੁਣਦੇ ਪਵਿਤੁ   ਸੇ ਪਵਿਤੁ ਜਿਨੀ ਮੰਨਿ ਵਸਾਇਆ॥**

**ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ**
**ਹਰਿ ਹਰਿ ਧਿਆਇਆ ॥੧੭॥**

ਉਹਨਾਂ ਦੇ ਮਾਤਾ ਪਿਤਾ ਪਰਵਾਰ ਦੇ ਜੀਵ ਪਵਿਤ੍ਰ ਜੀਵਨ ਵਾਲੇ ਬਣੇ, ਜਿਨ੍ਹਾਂ ਜਿਨ੍ਹਾਂ ਨੇ ਉਹਨਾਂ ਦੀ ਸੰਗਤਿ ਕੀਤੀ ਉਹ ਸਾਰੇ ਪਵਿਤ੍ਰ ਹੋ ਗਏ । ਹਰੀ-ਨਾਮ ਜਪਣ ਵਾਲੇ ਭੀ ਪਵਿਤ੍ਰ ਤੇ ਸੁਣਨ ਵਾਲੇ ਭੀ ਪਵਿਤ੍ਰ ਹੋ ਜਾਂਦੇ ਹਨ, ਜਿਹੜੇ ਇਸ ਨੂੰ ਮਨ ਵਿਚ ਵਸਾਂਦੇ ਹਨ ਉਹ ਭੀ ਪਵਿਤ੍ਰ ਹੋ ਜਾਂਦੇ ਹਨ । ਨਾਨਕ ਆਖਦਾ ਹੈ—ਜਿਨ੍ਹਾਂ ਨੇ ਗੁਰੂ ਦੀ ਸਰਨ ਪੈ ਕੇ ਹਰੀ-ਨਾਮ ਸਿਮਰਿਆ ਹੈ ਉਹ ਸੁੱਧ ਆਚਰਨ ਵਾਲੇ ਹੋ ਗਏ ।੧੭।

**ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥**
**ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥**

ਮਾਇਆ ਦੇ ਮੋਹ ਵਿਚ ਫਸੇ ਰਿਹਾਂ ਮਨ ਵਿਚ ਸਦਾ ਤੌਖ਼ਲਾ-ਸਹਿਮ ਬਣਿਆ ਰਹਿੰਦਾ ਹੈ, ਇਹ ਸਹਿਮ ਆਤਮਕ ਆਨੰਦ ਤੋਂ ਬਿਨਾ ਦੂਰ ਨਹੀਂ ਹੁੰਦਾ। ਆਤਮਕ ਆਨੰਦ ਬਾਹਰੋਂ ਧਾਰਮਿਕ ਜਾਪਦੇ ਕਰਮ ਕੀਤਿਆਂ ਪੈਦਾ ਨਹੀਂ ਹੋ ਸਕਦਾ । ਅਨੇਕਾਂ ਬੰਦੇ ਅਜੇਹੇ ਕਰਮ ਕਰ ਕਰ ਕੇ ਹਾਰ ਗਏ ਹਨ, ਪਰ ਮਨ ਦਾ ਤੌਖ਼ਲਾ-ਸਹਿਮ ਅਜੇਹੇ ਕਿਸੇ ਤਰੀਕੇ ਨਾਲ ਨਹੀਂ ਜਾਂਦਾ ।

**ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥**
**ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥**
**ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ**
**ਇਹੁ ਸਹਸਾ ਇਵ ਜਾਇ ॥੧੮॥**

ਜਦ ਤਕ ਮਨ ਸਹਿਮ ਵਿਚ ਤਦ ਤਕ ਇਹ ਮੈਲਾ ਰਹਿੰਦਾ ਹੈ, ਮਨ ਦੀ ਇਹ ਮੈਲ ਕਿਸੇ ਬਾਹਰਲੀ ਜੁਗਤੀ ਨਾਲ ਨਹੀਂ ਧੁਪਦੀ ।ਹੇ ਭਾਈ ! ਮਨ ਇਸ ਤਰ੍ਹਾਂ ਧੋਵੋ





--- ਗੁਰੂ ਦੇ ਸ਼ਬਦ ਵਿਚ ਜੁੜੋ, ਪਰਮਾਤਮਾ ਦੇ ਚਰਨਾਂ ਵਿਚ ਸਦਾ ਚਿੱਤ ਜੋੜੀ ਰੱਖੋ । ਨਾਨਕ ਆਖਦਾ ਹੈ—ਗੁਰੂ ਦੀ ਕਿਰਪਾ ਨਾਲ ਹੀ ਆਤਮਕ ਆਨੰਦ ਪੈਦਾ ਹੁੰਦਾ ਹੈ, ਇਸ ਤਰ੍ਹਾਂ ਮਨ ਦਾ ਤੌਖ਼ਲਾ ਦੂਰ ਹੋ ਜਾਂਦਾ ਹੈ ।੧੮।

**ਜੀਅਹੁ ਮੈਲੇ ਬਾਹਰਹੁ ਨਿਰਮਲ ॥**
**ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥**

ਨਿਰੇ ਬਾਹਰੋਂ ਧਾਰਮਿਕ ਦਿੱਸਦੇ ਕਰਮ ਕਰਨ ਵਾਲੇ ਬੰਦੇ ਮਨ ਵਿਚ ਵਿਕਾਰਾਂ ਨਾਲ ਮੈਲੇ ਰਹਿੰਦੇ ਹਨ ਤੇ ਸਿਰਫ਼ ਵੇਖਣ ਨੂੰ ਹੀ ਪਵਿਤ੍ਰ ਜਾਪਦੇ ਹਨ । ਤੇ, ਜੇਹੜੇ ਬੰਦੇ ਬਾਹਰੋਂ ਪਵਿਤ੍ਰ ਦਿੱਸਣ, ਉਂਞਮਨੋਂ ਵਿਕਾਰੀ ਹੋਣ, ਉਹਨਾਂ ਨੇ ਆਪਣਾ ਜੀਵਨ ਇਉਂ ਵਿਅਰਥ ਗਵਾ ਲਿਆ ਸਮਝੋ ਜਿਵੇਂ ਕੋਈ ਜੁਆਰੀਆ ਜੂਏ ਵਿਚ ਧਨ ਹਾਰ ਆਉਂਦਾ ਹੈ ।

**ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥**
**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ**
**ਫਿਰਹਿ ਜਿਉ ਬੇਤਾਲਿਆ॥**
**ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ,**
**ਤਿਨੀ ਜਨਮੁ ਜੂਐ ਹਾਰਿਆ ॥੧੯॥**

ਉਹਨਾਂ ਨੂੰ ਅੰਦਰੋ-ਅੰਦਰ ਮਾਇਆ ਦੀ ਤ੍ਰਿਸ਼ਨਾ ਦਾ ਭਾਰਾ ਰੋਗ ਖਾਈ ਜਾਂਦਾ ਹੈ, ਲਾਲਚ ਵੱਸ ਮੌਤ ਨੂੰ ਉਹਨਾਂ ਭੁਲਾਇਆ ਹੁੰਦਾ ਹੈ । ਵੇਦ ਆਦਿਕ ਧਰਮ-ਪੁਸਤਕਾਂ ਵਿਚ ਜੋ ਪ੍ਰਭੂ ਦਾ ਨਾਮ ਜਪਣ ਦਾ ਉੱਤਮ ਉਪਦੇਸ਼ ਹੈ ਉਸ ਵਲ ਉਹ ਧਿਆਨ ਨਹੀਂ ਕਰਦੇ, ਤੇ ਭੂਤਾਂ ਵਾਂਗ ਹੀ ਜਗਤ ਵਿਚ ਵਿਚਰਦੇ ਹਨ, ਜੀਵਨ-ਤਾਲ ਤੋਂ ਖੁੰਝੇ ਰਹਿੰਦੇ ਹਨ । ਨਾਨਕ ਆਖਦਾ ਹੈ—ਜਿਨ੍ਹਾਂ ਨੇ ਪਰਮਾਤਮਾ ਦਾ ਨਾਮ-ਸਿਮਰਨ ਛੱਡਿਆ ਹੋਇਆ ਹੈ, ਤੇ ਜੋ ਮਾਇਆ ਦੇ ਮੋਹ ਵਿਚ ਫਸੇ ਹੋਏ ਹਨ, ਉਹਨਾਂ ਆਪਣੀ ਜੀਵਨ-ਖੇਡ ਜੂਏ ਵਿਚ ਹਾਰ ਲਈ ਸਮਝੋ ।

**ਜੀਅਹੁ ਨਿਰਮਲ ਬਾਹਰਹੁ ਨਿਰਮਲ ॥**
**ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥**

ਜੋ ਬੰਦੇ ਆਚਰਨ-ਉਸਾਰੀ ਦੀ ਉਹ ਕਮਾਈ ਕਰਦੇ ਹਨ ਜਿਸ ਦੀ ਹਿਦਾਇਤ ਗੁਰੂ ਤੋਂ ਮਿਲਦੀ ਹੈ, ਉਹ ਮਨੋਂ ਭੀ ਪਵਿਤ੍ਰ ਹੁੰਦੇ ਹਨ, ਤੇ ਬਾਹਰੋਂ ਭੀ ਪਵਿਤ੍ਰ ਹੁੰਦੇ ਹਨ ਭਾਵ ਉਹਨਾਂ ਦਾ ਜਗਤ ਨਾਲ ਵਰਤਾਰਾ ਭੀ ਸੁਚੱਜਾ ਹੁੰਦਾ ਹੈ, ਉਹ ਬਾਹਰੋਂ ਭੀ ਪਵਿਤ੍ਰ ਤੇ ਅੰਦਰੋਂ ਭੀ ਸੁੱਚੇ ਰਹਿੰਦੇ ਹਨ ।

**ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥**
**ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥**
**ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥**

ਮਾਇਆ ਦੇ ਮੋਹ ਦੀ ਖ਼ਬਰ ਤਕ ਉਹਨਾਂ ਦੇ ਮਨ ਤਕ ਨਹੀਂ ਪਹੁੰਚਦੀ ਤੇ ਮਾਇਕ ਫੁਰਨਾ ਸਿਮਰਨ ਵਿਚ ਹੀ ਮੁੱਕ ਜਾਂਦਾ ਹੈ । ਉਹੀ ਜੀਵ-ਵਪਾਰੀ ਚੰਗੇ ਕਹੇ ਜਾਂਦੇ ਹਨ ਜਿਨ੍ਹਾਂ ਨੇ ਗੁਰੂ ਦੇ ਦੱਸੇ ਰਾਹ ਉਤੇ ਤੁਰ ਕੇ ਨਾਮ-ਕਮਾਈ ਕਰ ਕੇ ਸ੍ਰੇਸ਼ਟ ਮਨੁੱਖਾ ਜਨਮ ਸਫਲਾ ਕਰ ਲਿਆ । ਨਾਨਕ ਆਖਦਾ ਹੈ—ਜਿਨ੍ਹਾਂ ਬੰਦਿਆਂ ਦਾ ਮਨ ਪਵਿਤ੍ਰ ਹੋ ਜਾਂਦਾ ਹੈ, ਅੰਦਰ ਆਤਮਕ ਆਨੰਦ ਬਣ ਜਾਂਦਾ ਹੈ, ਉਹ ਅੰਤਰ ਆਤਮੇ ਸਦਾ ਗੁਰੂ ਦੇ ਚਰਨਾਂ ਵਿਚ ਰਹਿੰਦੇ ਹਨ ।੨੦।

**ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥**
**ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥**

ਜੇ ਕੋਈ ਸਿੱਖ ਗੁਰੂ ਦੇ ਸਾਹਮਣੇ ਸੁਰਖ਼ਰੂ ਹੋਣਾ ਚਾਹੁੰਦਾ ਹੈ, ਜੋ ਸਿੱਖ ਇਹ ਚਾਹੁੰਦਾ ਹੈ ਕਿ ਕਿਸੇ ਲੁਕਵੇਂ ਖੋਟ ਦੇ ਕਾਰਨ ਉਸ ਨੂੰ ਗੁਰੂ ਦੇ ਸਾਹਮਣੇ ਅੱਖਾਂ ਨੀਵੀਆਂ ਨ ਕਰਨੀਆਂ ਪੈਣ, ਤਾਂ ਉਹ ਸੱਚੇ ਦਿਲੋਂ ਗੁਰੂ ਦੇ ਚਰਨਾਂ ਵਿਚ ਟਿਕੇ ।

**ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥**





**ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥**

**ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥**

ਸਿੱਖ ਗੁਰੂ ਦੇ ਚਰਨਾਂ ਨੂੰ ਆਪਣੇ ਹਿਰਦੇ ਵਿਚ ਥਾਂ ਦੇਵੇ, ਆਪਣੇ ਆਤਮਾ ਦੇ ਅੰਦਰ ਸੰਭਾਲ ਰੱਖੇ, ਆਪਾ-ਭਾਵ ਛੱਡ ਕੇ ਸਦਾ ਗੁਰੂ ਦੇ ਆਸਰੇ, ਗੁਰੂ ਤੋਂ ਬਿਨਾ ਕਿਸੇ ਹੋਰ ਨੂੰ ਆਪਣੇ ਆਤਮਕ ਆਨੰਦ ਦਾ ਵਸੀਲਾ ਨਾ ਸਮਝੇ । ਨਾਨਕ ਆਖਦਾ ਹੈ—ਹੇ ਸੰਤ ਜਨੋ! ਸੁਣੋ ਉਹ ਸਿੱਖ (ਹੀ) ਖਿੜੇ-ਮੱਥੇ ਰਹਿ ਸਕਦਾ ਹੈ, ਉਹੀ ਆਤਮਕ ਆਨੰਦ ਮਾਣ ਸਕਦਾ ਹੈ) ।੨੧।

**ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥**
**ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥**

ਜੇ ਕੋਈ ਮਨੁੱਖ ਗੁਰੂ ਵਲੋਂ ਮੂੰਹ ਮੋੜ ਲਏ ਉਸ ਨੂੰ ਆਤਮਕ ਆਨੰਦ ਨਸੀਬ ਨਹੀਂ ਹੋ ਸਕਦਾ ਕਿਉਂਕਿ ਗੁਰੂ ਤੋਂ ਬਿਨਾ ਮਾਇਆ ਦੇ ਪ੍ਰਭਾਵ ਤੋਂ ਖ਼ਲਾਸੀ ਨਹੀਂ ਮਿਲਦੀ । ਬੇਸ਼ੱਕ ਕਿਸੇ ਵਿਚਾਰਵਾਨਾਂ ਤੋਂ ਜਾ ਕੇ ਪੁੱਛ ਲਵੋ, ਤਸੱਲੀ ਕਰ ਲਵੋ, ਇਹ ਪੱਕੀ ਗੱਲ ਹੈ ਕਿ ਗੁਰੂ ਤੋਂ ਬਿਨਾ ਕਿਸੇ ਭੀ ਹੋਰ ਥਾਂ ਤੋਂ ਮਾਇਕ ਬੰਧਨਾਂ ਤੋਂ ਖ਼ਲਾਸੀ ਨਹੀਂ ਮਿਲਦੀ ।

**ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥**
**ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥**
**ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥**

ਮਾਇਆ ਦੇ ਮੋਹ ਵਿਚ ਫਸਿਆ ਮਨੁੱਖ ਅਨੇਕਾਂ ਜੂਨੀਆਂ ਵਿਚ ਭਟਕਦਾ ਆਉਂਦਾ ਹੈ, ਗੁਰੂ ਦੀ ਸਰਨ ਤੋਂ ਬਿਨਾ ਇਸ ਮੋਹ ਤੋਂ ਖ਼ਲਾਸੀ ਨਹੀਂ ਮਿਲਦੀ । ਆਖ਼ਰ ਗੁਰੂ ਦੀ ਚਰਨੀਂ ਲੱਗ ਕੇ ਹੀ ਮਾਇਆ ਦੇ ਮੋਹ ਤੋਂ ਛੁਟਕਾਰਾ ਮਿਲਦਾ ਹੈ ਕਿਉਂਕਿ ਗੁਰੂ ਸਹੀ ਜੀਵਨ-ਮਾਰਗ ਦਾ ਉਪਦੇਸ਼ ਸੁਣਾਂਦਾ ਹੈ । ਨਾਨਕ ਆਖਦਾ

ਹੈ—ਵਿਚਾਰ ਕੇ ਵੇਖ ਲਵੋ, ਗੁਰੂ ਤੋਂ ਬਿਨਾ ਮਾਇਆ ਦੇ ਬੰਧਨ ਤੋਂ ਆਜ਼ਾਦੀ ਨਹੀਂ ਮਿਲਦੀ ।੨੨।

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥**
**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥**

ਹੇ ਸਤਿਗੁਰੂ ਦੇ ਪਿਆਰੇ ਸਿੱਖੋ ! ਆਵੋ, ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਵਿਚ ਜੋੜਨ ਵਾਲੀ ਬਾਣੀ ਰਲ ਕੇ ਗਾਵੋ । ਆਪਣੇ ਗੁਰੂ ਦੀ ਬਾਣੀ ਗਾਵੋ, ਇਹ ਬਾਣੀ ਹੋਰ ਸਭ ਬਾਣੀਆਂ ਨਾਲੋਂ ਸ਼ਿਰੋਮਣੀ ਹੈ ।

**ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥**
**ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥**
**ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥**

ਇਹ ਬਾਣੀ ਉਹਨਾਂ ਬੰਦਿਆਂ ਦੇ ਹਿਰਦੇ ਵਿਚ ਹੀ ਟਿਕਦੀ ਹੈ ਜਿਨ੍ਹਾਂ ਉਤੇ ਪਰਮਾਤਮਾ ਦੀ ਮੇਹਰ ਦੀ ਨਜ਼ਰ ਹੋਵੇ, ਬਖ਼ਸ਼ਸ਼ ਹੋਵੇ । ਪਰਮਾਤਮਾ ਦਾ ਨਾਮ ਸਿਮਰੋ, ਪਰਮਾਤਮਾ ਦੇ ਪਿਆਰ ਵਿਚ ਸਦਾ ਜੁੜੇ ਰਹੋ, ਇਹ ਆਨੰਦ ਦੇਣ ਵਾਲਾ ਨਾਮ-ਜਲ ਪੀਓ । ਨਾਨਕ ਆਖਦਾ ਹੈ— ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਾਲੀ ਇਹ ਬਾਣੀ ਸਦਾ ਗਾਵੋ, ਇਸੇ ਵਿਚ ਆਤਮਕ ਆਨੰਦ ਹੈ ।੨੩।

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥**
**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥**
**ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥**

ਗੁਰ-ਆਸ਼ੇ ਤੋਂ ਉਲਟ ਬਾਣੀ ਮਾਇਆ ਦੀ ਝਲਕ ਦੇ ਸਾਹਮਣੇ ਥਿੜਕਾ ਦੇਂਦੀ ਹੈ । ਇਹ ਪੱਕੀ ਗੱਲ ਹੈ ਕਿ ਗੁਰ-ਆਸ਼ੇ ਦੇ ਉਲਟ ਜਾਣ ਵਾਲੀ ਬਾਣੀ ਨੂੰ ਸੁਣਨ ਵਾਲਿਆਂ ਦੇ ਮਨ ਕਮਜ਼ੋਰ ਹੋ ਜਾਂਦੇ ਹਨ, ਸੁਣਨ ਵਾਲਿਆਂ ਦੇ ਮਨ ਭੀ





ਥਿੜਕ ਜਾਂਦੇ ਹਨ, ਤੇ ਜੋ ਅਜੇਹੀ ਬਾਣੀ ਦੀ ਪੜ੍ਹ ਪੜ੍ਹ ਕੇ ਵਿਆਖਿਆ ਕਰਦੇ ਹਨ, ਉਹ ਭੀ ਕਮਜ਼ੋਰ ਮਨ ਦੇ ਹੋ ਜਾਂਦੇ ਹਨ ।

**ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥**
**ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥**
**ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥**

ਜੇ ਉਹ ਬੰਦੇ ਜੀਭ-ਨਾਲ ਹਰੀ-ਨਾਮ ਭੀ ਬੋਲਣ ਤਾਂ ਭੀ ਜੋ ਕੁਝ ਉਹ ਬੋਲਦੇ ਹਨ ਉਸ ਨਾਲ ਉਹਨਾਂ ਦੀ ਡੂੰਘੀ ਸਾਂਝ ਨਹੀਂ ਪੈਂਦੀ ਕਿਉਂਕਿ ਉਹਨਾਂ ਦੇ ਮਨ ਨੂੰ ਮਾਇਆ ਨੇ ਮੋਹ ਰੱਖਿਆ ਹੈ, ਉਹ ਜੋ ਕੁਝ ਬੋਲਦੇ ਹਨ ਜ਼ਬਾਨੀ ਜ਼ਬਾਨੀ ਹੀ ਬੋਲਦੇ ਹਨ । ਨਾਨਕ ਆਖਦਾ ਹੈ—ਗੁਰ-ਆਸ਼ੇ ਤੋਂ ਉਲਟ ਬਾਣੀ ਮਨੁੱਖ ਦੇ ਮਨ ਨੂੰ ਆਤਮਕ ਆਨੰਦ ਦੇ ਟਿਕਾਣੇ ਤੋਂ ਹੇਠਾਂ ਡੇਗਦੀ ਹੈ ।੨੪।

**ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥**
**ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥**

ਸਤਿਗੁਰੂ ਦਾ ਸ਼ਬਦ ਇਕ ਐਸੀ ਅਮੋਲਕ ਦਾਤਿ ਹੈ ਜਿਸ ਵਿਚ ਪਰਮਾਤਮਾ ਦੀਆਂ ਵਡਿਆਈਆਂ ਭਰੀਆਂ ਪਈਆਂ ਹਨ । ਸ਼ਬਦ ਐਸਾ ਰਤਨ ਹੈ, ਕਿ ਉਸ ਦੀ ਰਾਹੀਂ ਮਨ ਪਰਮਾਤਮਾ ਦੀ ਯਾਦ ਵਿਚ ਟਿਕ ਜਾਂਦਾ ਹੈ (ਪਰਮਾਤਮਾ ਵਿਚ) ਇਕ ਅਸਚਰਜ ਲੀਨਤਾ ਬਣੀ ਰਹਿੰਦੀ ਹੈ ।

**ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥**
**ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥**
**ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥**

ਸ਼ਬਦ ਵਿਚ ਮਨ ਜੁੜ ਜਾਏ, ਤਾਂ ਸਦਾ-ਥਿਰ ਰਹਿਣ ਵਾਲੇ ਪ੍ਰਭੂ ਨਾਲ ਪ੍ਰੇਮ ਬਣ ਜਾਂਦਾ ਹੈ । ਅੰਦਰ ਪਰਮਾਤਮਾ ਦਾ ਹੀਰਾ-ਨਾਮ ਹੀ ਟਿਕਿਆ ਰਹਿੰਦਾ ਹੈ,

ਸਿਫ਼ਤਿ-ਸਾਲਾਹ ਦਾ ਰਤਨ-ਸ਼ਬਦ ਹੀ ਟਿਕਿਆ ਰਹਿੰਦਾ ਹੈ । ਪਰ ਇਹ ਦਾਤਿ ਉਸ ਨੂੰ ਹੀ ਮਿਲਦੀ ਹੈ ਜਿਸ ਨੂੰ ਪ੍ਰਭੂ ਆਪ ਇਹ ਸੂਝ ਬਖ਼ਸ਼ਦਾ ਹੈ । ਨਾਨਕ ਆਖਦਾ ਹੈ—ਗੁਰੂ ਦਾ ਸ਼ਬਦ, ਮਾਨੋ, ਇਕ ਰਤਨ ਹੈ ਜਿਸ ਵਿਚ ਪ੍ਰਭੂ ਦਾ ਨਾਮ-ਰੂਪ ਹੀਰਾ ਜੜਿਆ ਹੋਇਆ ਹੈ ।੨੫।

**ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥**
**ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥**

ਜੀਵਾਤਮਾ ਅਤੇ ਮਾਇਆ ਪੈਦਾ ਕਰ ਕੇ ਪਰਮਾਤਮਾ ਆਪ ਹੀ ਹੁਕਮ ਵਰਤਾਂਦਾ ਹੈ। ਪ੍ਰਭੂ ਆਪ ਹੀ ਹੁਕਮ ਵਰਤਾਂਦਾ ਹੈ, ਆਪ ਹੀ ਇਹ ਖੇਡ ਵੇਖਦਾ ਹੈ ਕਿ ਕਿਸ ਤਰ੍ਹਾਂ ਜੀਵ ਮਾਇਆ ਦੇ ਹੱਥਾਂ ਵਿਚ ਨੱਚ ਰਹੇ ਹਨ, ਕਿਸੇ ਵਿਰਲੇ ਨੂੰ ਗੁਰੂ ਦੀ ਰਾਹੀਂ ਇਸ ਖੇਡ ਦੀ ਸੂਝ ਵੀ ਦੇ ਦੇਂਦਾ ਹੈ ।

**ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥**
**ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥**
**ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥**

ਤੇ ਜਿਸ ਨੂੰ ਸੂਝ ਬਖ਼ਸ਼ਦਾ ਹੈ ਉਸ ਦੇ ਮਾਇਆ-ਮੋਹ ਦੇ ਬੰਧਨ ਤੋੜ ਦੇਂਦਾ ਹੈ, ਉਹ ਮਾਇਆ ਦੇ ਬੰਧਨਾਂ ਤੋਂ ਸੁਤੰਤਰ ਹੋ ਜਾਂਦਾ ਹੈ ਕਿਉਂਕਿ ਉਹ ਗੁਰੂ ਦਾ ਸ਼ਬਦ ਆਪਣੇ ਮਨ ਵਿਚ ਵਸਾ ਲੈਂਦਾ ਹੈ । ਗੁਰੂ ਦੇ ਦੱਸੇ ਰਾਹ ਉਤੇ ਤੁਰਨ ਜੋਗਾ ਉਹੀ ਮਨੁੱਖ ਹੁੰਦਾ ਹੈ ਜਿਸ ਨੂੰ ਪ੍ਰਭੂ ਇਹ ਸਮਰੱਥਾ ਦੇਂਦਾ ਹੈ, ਉਹ ਮਨੁੱਖ ਇਕ ਪਰਮਾਤਮਾ ਦੇ ਚਰਨਾਂ ਵਿਚ ਸੁਰਤਿ ਜੋੜਦਾ ਹੈ। ਨਾਨਕ ਆਖਦਾ ਹੈ—ਪਰਮਾਤਮਾ ਆਪ ਹੀ ਜੀਵਾਂ ਤੇ ਮਾਇਆ ਦੀ ਰਚਨਾ ਕਰਦਾ ਹੈ ਤੇ ਆਪ ਹੀ ਕਿਸੇ ਵਿਰਲੇ ਨੂੰ ਇਹ ਸੂਝ ਬਖ਼ਸ਼ਦਾ ਹੈ ਕਿ ਮਾਇਆ ਦਾ ਪ੍ਰਭਾਵ ਭੀ ਉਸ ਦਾ ਆਪਣਾ ਹੀ ਹੁਕਮ ਜਗਤ ਵਿਚ ਵਰਤ ਰਿਹਾ ਹੈ ।





**ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥**
**ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥**

ਸਿੰਮ੍ਰਿਤੀਆਂ ਸ਼ਾਸਤ੍ਰ ਆਦਿਕ ਪੜ੍ਹਨ ਵਾਲੇ ਪੰਡਿਤ ਸਿਰਫ਼ ਇਹੀ ਵਿਚਾਰਾਂ ਕਰਦੇ ਹਨ ਕਿ ਪਾਪ ਕੀਹ ਹੈ ਤੇ ਪੁੰਨ ਕੀਹ ਹੈ, ਉਹਨਾਂ ਨੂੰ ਆਤਮਕ ਆਨੰਦ ਦਾ ਰਸ ਨਹੀਂ ਆ ਸਕਦਾ । ਯਕੀਨ ਜਾਣੋ ਕਿ ਸਤਿਗੁਰੂ ਦੀ ਸਰਨ ਆਉਣ ਤੋਂ ਬਿਨਾ ਆਤਮਕ ਆਨੰਦ ਦਾ ਰਸ ਨਹੀਂ ਆ ਸਕਦਾ ।

**ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥**
**ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ**
**ਬੋਲਹਿ ਅੰਮ੍ਰਿਤ ਬਾਣੀ ॥**
**ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ**
**ਜਾਗਤ ਰੈਣਿ ਵਿਹਾਣੀ ॥੨੭॥**

ਜਗਤ ਤਿੰਨਾਂ ਗੁਣਾਂ ਵਿਚ ਹੀ ਭਟਕ ਭਟਕ ਕੇ ਗ਼ਾਫ਼ਿਲ ਹੋਇਆ ਪਿਆ ਹੈ, ਮਾਇਆ ਦੇ ਮੋਹ ਵਿਚ ਸੁੱਤਿਆਂ ਦੀ ਹੀ ਸਾਰੀ ਉਮਰ ਗੁਜ਼ਰ ਜਾਂਦੀ ਹੈ (ਸਿੰਮ੍ਰਿਤੀਆਂ ਸ਼ਾਸਤ੍ਰਾਂ ਦੀਆਂ ਵਿਚਾਰਾਂ ਇਸ ਨੀਂਦ ਵਿਚੋਂ ਜਗਾ ਨਹੀਂ ਸਕਦੀਆਂ) ।

ਮੋਹ ਦੀ ਨੀਂਦ ਵਿਚੋਂ ਗੁਰੂ ਦੀ ਕਿਰਪਾ ਨਾਲ ਸਿਰਫ਼ ਉਹ ਮਨੁੱਖ ਜਾਗਦੇ ਹਨ ਜਿਨ੍ਹਾਂ ਦੇ ਅੰਦਰ ਪਰਮਾਤਮਾ ਦਾ ਨਾਮ ਵੱਸਦਾ ਹੈ ਜੋ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਬਾਣੀ ਉਚਾਰਦੇ ਹਨ । ਨਾਨਕ ਆਖਦਾ ਹੈ—ਉਹੀ ਮਨੁੱਖ ਆਤਮਕ ਆਨੰਦ ਮਾਣਦਾ ਹੈ ਜੋ ਹਰ ਵੇਲੇ ਪ੍ਰਭੂ ਦੀ ਯਾਦ ਵਿਚ ਟਿਕਿਆ ਰਹਿੰਦਾ ਹੈ, ਤੇ ਜਿਸ ਦੀ ਉਮਰ (ਮੋਹ ਦੀ ਨੀਂਦ ਵਿਚੋਂ) ਜਾਗਦਿਆਂ ਬੀਤਦੀ ਹੈ ।੨੭।

**ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥**
**ਮਨਹੁ ਕਿਉ ਵਿਸਾਰੀਐ ਏਵਡੁ ਦਾਤਾ**
**ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥**

ਪ੍ਰਭੂ ਨੂੰ ਕਦੇ ਭੁਲਾਣਾ ਨਹੀਂ ਚਾਹੀਦਾ, ਜੋ ਮਾਂ ਦੇ ਪੇਟ ਵਿਚ ਭੀ ਪਾਲਣਾ ਕਰਦਾ ਹੈ, ਏਡੇ ਵੱਡੇ ਦਾਤੇ ਨੂੰ ਮਨੋਂ ਭੁਲਾਣਾ ਨਹੀਂ ਚਾਹੀਦਾ ਜੋ ਮਾਂ ਦੇ ਪੇਟ ਦੀ ਅੱਗ ਵਿਚ ਭੀ ਭੋਜਨ ਭੇਜਦਾ ਹੈ ।

**ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ ॥**
**ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ ॥**
**ਕਹੈ ਨਾਨਕੁ, ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ ॥੨੮॥**

ਉਸ ਬੰਦੇ ਨੂੰ ਮੋਹ ਆਦਿਕ ਕੁਝ ਭੀ ਪੋਹ ਨਹੀਂ ਸਕਦਾ ਜਿਸ ਨੂੰ ਪ੍ਰਭੂ ਆਪਣੇ ਚਰਨਾਂ ਦੀ ਪ੍ਰੀਤ ਬਖ਼ਸ਼ਦਾ ਹੈ । ਪਰ ਜੀਵ ਦੇ ਕੀਹ ਵੱਸ? ਪ੍ਰਭੂ ਆਪ ਹੀ ਆਪਣੀ ਪ੍ਰੀਤ ਦੀ ਦਾਤਿ ਦੇਂਦਾ ਹੈ । ਗੁਰੂ ਦੀ ਸਰਨ ਪੈ ਕੇ ਉਸ ਨੂੰ ਸਿਮਰਦੇ ਰਹਿਣਾ ਚਾਹੀਦਾ ਹੈ । ਨਾਨਕ ਆਖਦਾ ਹੈ—ਆਤਮਕ ਆਨੰਦ ਲੈਣ ਲਈ ਇਤਨੇ ਵੱਡੇ ਦਾਤਾਰ ਪ੍ਰਭੂ ਨੂੰ ਕਦੇ ਭੀ ਭੁਲਾਣਾ ਨਹੀਂ ਚਾਹੀਦਾ ।੨੮।

**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥**
**ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥**

ਜਿਵੇਂ ਮਾਂ ਦੇ ਪੇਟ ਵਿਚ ਅੱਗ ਹੈ ਤਿਵੇਂ ਬਾਹਰ ਜਗਤ ਵਿਚ ਮਾਇਆ (ਦੁਖਦਾਈ) ਹੈ । ਮਾਇਆ ਤੇ ਅੱਗ ਇਕੋ ਜਿਹੀਆਂ ਹੀ ਹਨ, ਕਰਤਾਰ ਨੇ ਐਸੀ ਹੀ ਖੇਡ ਰਚ ਦਿੱਤੀ ਹੈ ।

**ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥**
**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥**

ਜਦੋਂ ਪਰਮਾਤਮਾ ਦੀ ਰਜ਼ਾ ਹੁੰਦੀ ਹੈ ਜੀਵ ਪੈਦਾ ਹੁੰਦਾ ਹ, ਪਰਵਾਰ ਵਿਚ ਪਿਆਰਾ ਲੱਗਦਾ ਹੈ, ਪਰਵਾਰ ਨਵੇਂ ਜੰਮੇ ਬਾਲ ਨੂੰ ਪਿਆਰ ਕਰਦੇ ਹਨ। ਇਸ ਪਿਆਰ ਵਿਚ ਫਸ ਕੇ ਉਸ ਦੀ ਪ੍ਰਭੂ-ਚਰਨਾਂ ਨਾਲੋਂ ਪ੍ਰੀਤ ਦੀ ਤਾਰ ਟੁੱਟ ਜਾਂਦੀ ਹੈ,





ਮਾਇਆ ਦੀ ਤ੍ਰਿਸ਼ਨਾ ਆ ਚੰਬੜਦੀ ਹੈ, ਮਾਇਆ (ਉਸ ਉਤੇ) ਆਪਣਾ ਜ਼ੋਰ ਪਾ ਲੈਂਦੀ ਹੈ ।

**ਏਹ ਮਾਇਆ ਜਿਤੁ ਹਰਿ ਵਿਸਰੈ**
**ਮੋਹੁ ਉਪਜੈ ਭਾਉ ਦੂਜਾ ਲਾਇਆ॥**
**ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ**
**ਤਿਨੀ ਵਿਚੇ ਮਾਇਆ ਪਾਇਆ ॥੨੯॥**

ਮਾਇਆ ਹੈ ਹੀ ਐਸੀ ਕਿ ਇਸ ਦੀ ਰਾਹੀਂ ਰੱਬ ਭੁੱਲ ਜਾਂਦਾ ਹੈ, ਦੁਨੀਆ ਦਾ ਮੋਹ ਪੈਦਾ ਹੋ ਜਾਂਦਾ ਹੈ, ਰੱਬ ਤੋਂ ਬਿਨਾ ਹੋਰ ਹੋਰ ਪਿਆਰ ਉਪਜ ਪੈਂਦੇ ਹਨ । ਨਾਨਕ ਆਖਦਾ ਹੈ—ਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਬੰਦਿਆਂ ਦੀ ਪ੍ਰੀਤ ਦੀ ਡੋਰ ਪ੍ਰਭੂ-ਚਰਨਾਂ ਵਿਚ ਜੁੜੀ ਰਹਿੰਦੀ ਹੈ, ਉਹਨਾਂ ਨੂੰ ਮਾਇਆ ਵਿਚ ਵਰਤਦਿਆਂ ਹੀ ਆਤਮਕ ਆਨੰਦ ਮਿਲ ਪੈਂਦਾ ਹੈ ।

**ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥**
**ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ ॥**

ਜਦ ਤਕ ਪਰਮਾਤਮਾ ਦਾ ਮਿਲਾਪ ਨਾ ਹੋਵੇ ਤਦ ਤਕ ਆਨੰਦ ਨਹੀਂ ਮਾਣਿਆ ਜਾ ਸਕਦਾ, ਪਰ ਪ੍ਰਭੂ ਦਾ ਮੁੱਲ ਨਹੀਂ ਪੈ ਸਕਦਾ, ਪਰਮਾਤਮਾ ਧਨ ਆਦਿਕ ਕਿਸੇ ਕੀਮਤ ਤੋਂ ਨਹੀਂ ਮਿਲ ਸਕਦਾ । ਜੀਵ ਖਪ ਖਪ ਕੇ ਹਾਰ ਗਏ, ਕਿਸੇ ਨੂੰ ਧਨ ਆਦਿਕ ਕੀਮਤ ਦੇ ਕੇ ਪਰਮਾਤਮਾ ਨਹੀਂ ਮਿਲਿਆ ।

**ਐਸਾ ਸਤਿਗੁਰੁ ਜੇ ਮਿਲੈ**
**ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥**
**ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ ॥**
**ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ**

**ਜਿਨ ਹਰਿ ਪਲੈ ਪਾਇ ॥੩੦॥**

ਪਰ ਜੇ ਅਜੇਹਾ ਗੁਰੂ ਮਿਲ ਪਏ ਜਿਸ ਦੇ ਮਿਲਿਆਂ ਮਨੁੱਖ ਦੇ ਅੰਦਰੋਂ ਆਪਾ-ਭਾਵ ਨਿਕਲ ਜਾਏ ਤਾਂ ਜੀਵ ਉਸ ਹਰੀ ਦੇ ਚਰਨਾਂ ਵਿਚ ਜੁੜਿਆ ਰਹੇ, ਉਹ ਹਰੀ

ਉਸ ਦੇ ਮਨ ਵਿਚ ਵੱਸ ਪਏ ਜਿਸ ਦਾ ਇਹ ਪੈਦਾ ਕੀਤਾ ਹੋਇਆ ਹੈ, ਤਾਂ ਉਸ ਗੁਰੂ ਦੇ ਅੱਗੇ ਆਪਣਾ ਸਿਰ ਭੇਟ ਕਰ ਦੇਣਾ ਚਾਹੀਦਾ ਹੈ, ਆਪਣਾ ਆਪ ਅਰਪਣ ਕਰ ਦੇਣਾ ਚਾਹੀਦਾ ਹੈ। ਹੇ ਨਾਨਕ! ਪਰਮਾਤਮਾ ਦਾ ਮੁੱਲ ਨਹੀਂ ਪੈ ਸਕਦਾ, ਕਿਸੇ ਕੀਮਤ ਤੋਂ ਨਹੀਂ ਮਿਲਦਾ, ਪਰ ਪਰਮਾਤਮਾ ਜਿਨ੍ਹਾਂ ਨੂੰ ਗੁਰੂ ਦੇ ਲੜ ਲਾ ਦੇਂਦਾ ਹੈ ਉਹਨਾਂ ਦੇ ਭਾਗ ਜਾਗ ਪੈਂਦੇ ਹਨ ਤੇ ਉਹ ਆਤਮਕ ਆਨੰਦ ਮਾਣਦੇ ਹਨ ।੩੦।

**ਹਰਿ ਰਾਸਿ ਮੇਰੀ   ਮਨੁ ਵਣਜਾਰਾ ॥**
**ਹਰਿ ਰਾਸਿ ਮੇਰੀ ਮਨੁ ਵਣਜਾਰਾ   ਸਤਿਗੁਰ ਤੇ ਰਾਸਿ ਜਾਣੀ ॥**

ਆਪਣੇ ਗੁਰੂ ਤੋਂ ਮੈਨੂੰ ਸਮਝ ਆਈ ਹੈ ਕਿ ਪਰਮਾਤਮਾ ਦਾ ਨਾਮ ਹੀ ਮੇਰੀ ਰਾਸਿ-ਪੂੰਜੀ ਹੋ ਸਕਦੀ ਹੈ, ਮੇਰਾ ਮਨ ਇਸ ਵਣਜ ਦਾ ਵਪਾਰੀ ਬਣ ਗਿਆ ਹੈ । ਪਰਮਾਤਮਾ ਦਾ ਨਾਮ ਮੇਰੀ ਰਾਸਿ-ਪੂੰਜੀ ਹੈ ਤੇ ਮੇਰਾ ਮਨ ਵਪਾਰੀ ਹੋ ਗਿਆ ਹੈ ।

**ਹਰਿ ਹਰਿ ਨਿਤ ਜਪਿਹੁ ਜੀਅਹੁ   ਲਾਹਾ ਖਟਿਹੁ ਦਿਹਾੜੀ ॥**
**ਏਹੁ ਧਨੁ ਤਿਨਾ ਮਿਲਿਆ   ਜਿਨ ਹਰਿ ਆਪੇ ਭਾਣਾ ॥**
**ਕਹੈ ਨਾਨਕੁ   ਹਰਿ ਰਾਸਿ ਮੇਰੀ   ਮਨੁ ਹੋਆ ਵਣਜਾਰਾ ॥੩੧॥**

ਹੇ ਭਾਈ! ਤੁਸੀ ਭੀ ਪ੍ਰੇਮ ਨਾਲ ਸਦਾ ਹਰੀ ਦਾ ਨਾਮ ਜਪਿਆ ਕਰੋ, ਤੇ ਹਰ ਰੋਜ਼ ਆਤਮਕ ਆਨੰਦ ਦਾ ਲਾਭ ਖੱਟੋ । ਆਤਮਕ ਆਨੰਦ ਦਾ ਇਹ ਧਨ ਉਹਨਾਂ ਨੂੰ ਹੀ ਮਿਲਦਾ ਹੈ, ਜਿਨ੍ਹਾਂ ਨੂੰ ਦੇਣਾ ਪ੍ਰਭੂ ਨੂੰ ਆਪ ਹੀ ਚੰਗਾ ਲੱਗਦਾ ਹੈ । ਨਾਨਕ ਆਖਦਾ ਹੈ—ਪਰਮਾਤਮਾ ਦਾ ਨਾਮ ਮੇਰੀ ਪੂੰਜੀ ਬਣ ਗਈ ਹੈ, ਹੁਣ ਗੁਰੂ ਦੀ





ਕਿਰਪਾ ਨਾਲ ਮੈਂ ਆਤਮਕ ਆਨੰਦ ਦੀ ਖੱਟੀ ਖੱਟਦਾ ਹਾਂ ।੩੧।

**ਏ ਰਸਨਾ   ਤੂ ਅਨ ਰਸਿ ਰਾਚਿ ਰਹੀ   ਤੇਰੀ ਪਿਆਸ ਨ ਜਾਇ ॥**
**ਪਿਆਸ ਨ ਜਾਇ ਹੋਰਤੁ ਕਿਤੈ   ਜਿਚਰੁ ਹਰਿ ਰਸੁ ਪਲੈ ਨ ਪਾਇ ॥**

ਹੇ ਮੇਰੀ ਜੀਭ! ਤੂੰ ਹੋਰ ਹੋਰ ਸੁਆਦ ਵਿਚ ਮਸਤ ਹੋ ਰਹੀ ਹੈਂ, ਇਸ ਤਰ੍ਹਾਂ ਤੇਰਾ ਸੁਆਦਾਂ ਦਾ ਚਸਕਾ ਦੂਰ ਨਹੀਂ ਹੋ ਸਕਦਾ । ਜਦ ਤਕ ਪਰਮਾਤਮਾ ਦੇ ਸਿਮਰਨ ਦਾ ਆਨੰਦ ਪ੍ਰਾਪਤ ਨਾ ਹੋਵੇ, ਤਦ ਤਕ ਕਿਸੇ ਹੋਰ ਥਾਂ ਤੋਂ ਸੁਆਦਾਂ ਦਾ ਚਸਕਾ ਮਿਟ ਨਹੀਂ ਸਕਦਾ ।

**ਹਰਿ ਰਸੁ ਪਾਇ ਪਲੈ   ਪੀਐ ਹਰਿ ਰਸੁ**
**ਬਹੁੜਿ ਨ ਤ੍ਰਿਸਨਾ ਲਾਗੈ ਆਇ॥**
**ਏਹੁ ਹਰਿ ਰਸੁ ਕਰਮੀ ਪਾਈਐ   ਸਤਿਗੁਰੁ ਮਿਲੈ ਜਿਸੁ ਆਇ ॥**
**ਕਹੈ ਨਾਨਕੁ   ਹੋਰਿ ਅਨ ਰਸ ਸਭਿ ਵੀਸਰੇ**
**ਜਾ ਹਰਿ ਵਸੈ ਮਨਿ ਆਇ ॥੩੨॥**

ਜਿਸ ਮਨੁੱਖ ਨੂੰ ਪਰਮਾਤਮਾ ਦੇ ਨਾਮ ਦਾ ਆਨੰਦ ਮਿਲ ਜਾਏ, ਜੋ ਮਨੁੱਖ ਹਰੀ-ਸਿਮਰਨ ਦਾ ਸੁਆਦ ਮਾਣਨ ਲੱਗ ਪਏ, ਉਸ ਨੂੰ ਮਾਇਆ ਦੀ ਤ੍ਰਿਸ਼ਨਾ ਨਹੀਂ ਪੋਹ ਸਕਦੀ । ਪਰ ਇਹ ਹਰੀ-ਨਾਮ ਦਾ ਆਨੰਦ ਪ੍ਰਭੂ ਦੀ ਮੇਹਰ ਨਾਲ ਮਿਲਦਾ ਹੈ, ਉਸ ਨੂੰ ਮਿਲਦਾ ਹੈ ਜਿਸ ਨੂੰ ਗੁਰੂ ਮਿਲੇ । ਨਾਨਕ ਆਖਦਾ ਹੈ—ਜਦੋਂ ਹਰੀ-ਸਿਮਰਨ ਦਾ ਆਨੰਦ ਮਨ ਵਿਚ ਵੱਸ ਪਏ, ਤਦੋਂ ਹੋਰ ਹੋਰ ਸਾਰੇ ਚਸਕੇ ਭੁੱਲ ਜਾਂਦੇ ਹਨ ।੩੨।

**ਏ ਸਰੀਰਾ ਮੇਰਿਆ   ਹਰਿ ਤੁਮ ਮਹਿ ਜੋਤਿ ਰਖੀ**
**ਤਾ ਤੂ ਜਗ ਮਹਿ ਆਇਆ ॥**
**ਹਰਿ ਜੋਤਿ ਰਖੀ ਤੁਧੁ ਵਿਚਿ   ਤਾ ਤੂ ਜਗ ਮਹਿ ਆਇਆ ॥**

ਮੇਰੇ ਸਰੀਰ! ਤੂੰ ਜਗਤ ਵਿਚ ਆਇਆ ਹੀ ਤਦੋਂ, ਜਦੋਂ ਹਰੀ ਨੇ ਆਪਣੀ ਜੋਤਿ ਤੇਰੇ ਅੰਦਰ ਰੱਖ ਦਿੱਤੀ । ਜਦੋਂ ਪਰਮਾਤਮਾ ਨੇ ਤੇਰੇ ਅੰਦਰ ਆਪਣੀ ਜੋਤਿ ਰਖੀ, ਤਦੋਂ ਤੂੰ ਜਗਤ ਵਿਚ ਜੰਮਿਆ ।

**ਹਰਿ ਆਪੇ ਮਾਤਾ ਆਪੇ ਪਿਤਾ**
**ਜਿਨਿ ਜੀਉ ਉਪਾਇ ਜਗਤੁ ਦਿਖਾਇਆ॥**
**ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ॥**
**ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ**
**ਤਾ ਤੂ ਜਗ ਮਹਿ ਆਇਆ ॥੩੩॥**

ਪਰਮਾਤਮਾ ਜੀਵ ਪੈਦਾ ਕਰਕੇ ਉਸ ਨੂੰ ਜਗਤ ਵਿਚ ਭੇਜਦਾ ਹੈ, ਉਹ ਆਪ ਹੀ ਇਸ ਦੀ ਮਾਂ ਹੈ, ਪਿਤਾ ਹੈ । ਜਦੋਂ ਗੁਰੂ ਦੀ ਮੇਹਰ ਨਾਲ ਜੀਵ ਨੂੰ ਗਿਆਨ ਹੁੰਦਾ ਹੈ ਤਾਂ ਇਸ ਨੂੰ ਸਮਝ ਆਉਂਦੀ ਹੈ ਕਿ ਇਹ ਜਗਤ ਤਾਂ ਇਕ ਖੇਡ ਹੀ ਹੈ, ਫਿਰ ਜੀਵ ਨੂੰ ਇਹ ਜਗਤ ਇਕ ਤਮਾਸ਼ਾ ਹੀ ਦਿੱਸ ਪੈਂਦਾ ਹੈ । ਨਾਨਕ ਆਖਦਾ ਹੈ—ਹੇ ਮੇਰੇ ਸਰੀਰ! ਜਦੋਂ ਪ੍ਰਭੂ ਨੇ ਜਗਤ-ਰਚਨਾ ਦਾ ਮੁੱਢ ਬੱਧਾ, ਤੇਰੇ ਅੰਦਰ ਆਪਣੀ ਜੋਤਿ ਪਾਈ, ਤਦੋਂ ਤੂੰ ਜਗਤ ਵਿਚ ਜਨਮਿਆ ।੩੩।

**ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥**
**ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥**
**ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥**

ਆਪਣੀ ਹਿਰਦੇ-ਸੇਜ ਉਤੇ ਪ੍ਰਭੂ-ਪਤੀ ਦਾ ਆਉਣਾ ਮੈਂ ਸੁਣ ਲਿਆ ਹੈ, ਅਨੁਭਵ ਕਰ ਲਿਆ ਹੈ । ਹੁਣ ਮੇਰੇ ਮਨ ਵਿਚ ਆਨੰਦ ਬਣ ਗਿਆ ਹੈ । ਹੇ ਮੇਰੀ ਜਿੰਦੇ! ਮੇਰਾ ਇਹ ਹਿਰਦਾ-ਘਰ ਪ੍ਰਭੂ-ਪਤੀ ਦਾ ਨਿਵਾਸ-ਅਸਥਾਨ ਬਣ ਗਿਆ ਹੈ। ਤੂੰ ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾ । ਹੇ ਜਿੰਦੇ! ਸਦਾ ਪ੍ਰਭੂ ਦੀ ਵਡਿਆਈ ਦਾ ਗੀਤ ਗਾਂਦੀ ਰਹੁ, ਇਹ ਤਰ੍ਹਾਂ ਕੋਈ ਫ਼ਿਕਰ, ਕੋਈ ਦੁੱਖ ਆਪਣਾ





ਜ਼ੋਰ ਨਹੀਂ ਪਾ ਸਕਦਾ ।

**ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥**
**ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥**
**ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥**

ਉਹ ਦਿਨ ਭਾਗਾਂ ਵਾਲੇ ਹੁੰਦੇ ਹਨ ਜਦੋਂ ਮੱਥਾ ਗੁਰੂ ਦੇ ਚਰਨਾਂ ਉਤੇ ਟਿਕੇ, ਪਿਆਰਾ ਪਤੀ-ਪ੍ਰਭੂ ਹਿਰਦੇ ਵਿਚ ਦਿੱਸ ਪੈਂਦਾ ਹੈ । ਗੁਰੂ ਦੇ ਸ਼ਬਦ ਦੀ ਰਾਹੀਂ ਇਕ-ਰਸ ਸਿਫ਼ਤਿ-ਸਾਲਾਹ ਦੀ ਰੌ ਨਾਲ ਸਾਂਝ ਬਣ ਜਾਂਦੀ ਹੈ, ਪ੍ਰਭੂ ਦਾ ਨਾਮ ਪ੍ਰਾਪਤ ਹੋ ਜਾਂਦਾ ਹੈ, ਪ੍ਰਭੂ-ਮਿਲਾਪ ਦਾ ਆਨੰਦ ਮਾਣੀਦਾ ਹੈ । ਨਾਨਕ ਆਖਦਾ ਹੈ- ਸਭ ਕੁਝ ਕਰਨ ਦੇ ਸਮਰੱਥ ਪ੍ਰਭੂ ਆਪ ਆ ਕੇ ਮੈਨੂੰ ਮਿਲ ਪਿਆ ਹੈ ।੩੪।

**ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ**
**ਕਿਆ ਤੁਧੁ ਕਰਮ ਕਮਾਇਆ ॥**
**ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥**
**ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥**

ਹੇ ਮੇਰੇ ਸਰੀਰ! ਇਸ ਜਗਤ ਵਿਚ ਜਨਮ ਲੈ ਕੇ ਤੂੰ ਹੋਰ ਹੋਰ ਕੰਮ ਹੀ ਕਰਦਾ ਰਿਹਾ । ਜਦੋਂ ਦਾ ਤੂੰ ਸੰਸਾਰ ਵਿਚ ਆਇਆ ਹੈਂ, ਤੂੰ ਸਿਮਰਨ ਤੋਂ ਬਿਨਾ ਹੋਰ ਹੋਰ ਕੰਮ ਹੀ ਕਰਦਾ ਰਿਹਾ । ਜਿਸ ਹਰੀ ਨੇ ਤੈਨੂੰ ਪੈਦਾ ਕੀਤਾ ਹੈ, ਉਸ ਨੂੰ ਤੂੰ ਆਪਣੇ ਮਨ ਵਿਚ ਨਹੀਂ ਵਸਾਇਆ ਉਸ ਦੀ ਯਾਦ ਵਿਚ ਕਦੇ ਨਹੀਂ ਜੁੜਿਆ ।

**ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥**
**ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ**
**ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥**

ਪਰ, ਹੇ ਸਰੀਰ! ਤੇਰੇ ਭੀ ਕੀਹ ਵੱਸ? ਜਿਸ ਮਨੁੱਖ ਦੇ ਪੂਰਬਲੇ ਕੀਤੇ ਕਰਮਾਂ

ਦੇ ਸੰਸਕਾਰ ਉੱਘੜਦੇ ਹਨ, ਗੁਰੂ ਦੀ ਕਿਰਪਾ ਨਾਲ ਉਸ ਦੇ ਮਨ ਵਿਚ ਪਰਮਾਤਮਾ ਵੱਸਦਾ ਹੈ । ਨਾਨਕ ਆਖਦਾ ਹੈ—ਜਿਸ ਮਨੁੱਖ ਨੇ ਗੁਰੂ-ਚਰਨਾਂ ਵਿਚ ਚਿੱਤ ਜੋੜ ਲਿਆ, ਉਸ ਦਾ ਇਹ ਸਰੀਰ ਸਫਲ ਹੋ ਜਾਂਦਾ ਹੈ ।੩੫।

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥

ਹੇ ਮੇਰੀਓ ਅੱਖੀਓ! ਪਰਮਾਤਮਾ ਨੇ ਤੁਹਾਡੇ ਅੰਦਰ ਆਪਣੀ ਜੋਤਿ ਟਿਕਾਈ ਹੈ, ਜਿੱਧਰ ਤੱਕੋ, ਪਰਮਾਤਮਾ ਦਾ ਹੀ ਦੀਦਾਰ ਕਰੋ, ਪਰਮਾਤਮਾ ਤੋਂ ਬਿਨਾ ਹੋਰ ਕੋਈ ਗ਼ੈਰ ਨਾ ਦਿੱਸੇ, ਨਿਗਾਹ ਨਾਲ ਹਰੀ ਨੂੰ ਵੇਖੋ ।

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ ॥
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ
ਹਰਿ ਬਿਨੁ ਅਵਰੁ ਨ ਕੋਈ ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥

ਹੇ ਅੱਖੀਓ! ਇਹ ਸਾਰਾ ਸੰਸਾਰ ਜੋ ਤੁਸੀ ਵੇਖ ਰਹੀਆਂ ਹੋ, ਇਹ ਪ੍ਰਭੂ ਦਾ ਹੀ ਰੂਪ ਹੈ, ਪ੍ਰਭੂ ਦਾ ਹੀ ਰੂਪ ਦਿੱਸ ਰਿਹਾ ਹੈ । ਗੁਰੂ ਦੀ ਕਿਰਪਾ ਨਾਲ ਮੈਨੂੰ ਸਮਝ ਪਈ ਹੈ, ਹੁਣ ਮੈਂ ਜਦੋਂ ਚੁਫੇਰੇ ਵੇਖਦਾ ਹਾਂ, ਹਰ ਥਾਂ ਇਕ ਪਰਮਾਤਮਾ ਹੀ ਦਿੱਸਦਾ ਹੈ, ਉਸ ਤੋਂ ਬਿਨਾ ਹੋਰ ਕੁਝ ਨਹੀਂ । ਨਾਨਕ ਆਖਦਾ ਹੈ—ਗੁਰੂ ਨੂੰ ਮਿਲਣ ਤੋਂ ਪਹਿਲਾਂ ਇਹ ਅੱਖੀਆਂ ਅਸਲ ਵਿਚ ਅੰਨ੍ਹੀਆਂ ਸਨ, ਜਦੋਂ ਗੁਰੂ ਮਿਲਿਆ, ਇਹਨਾਂ ਵਿਚ ਰੌਸ਼ਨੀ ਆਈ ਇਹਨਾਂ ਨੂੰ ਹਰ ਥਾਂ ਪਰਮਾਤਮਾ ਦਿੱਸਣ ਲੱਗਾ ।।੨੬।





ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥

ਹੇ ਮੇਰੇ ਕੰਨੋ! ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਬਾਣੀ ਸੁਣਿਆ ਕਰੋ, ਸਦਾ-ਥਿਰ ਕਰਤਾਰ ਨੇ ਤੁਹਾਨੂੰ ਇਹੀ ਸੁਣਨ ਵਾਸਤੇ ਬਣਾਇਆ ਹੈ, ਇਸ ਸਰੀਰ ਵਿਚ ਥਾਪਿਆ ਹੈ । ਇਸ ਸਿਫ਼ਤਿ-ਸਾਲਾਹ ਦੀ ਬਾਣੀ ਦੇ ਸੁਣਨ ਨਾਲ ਤਨ ਮਨ ਆਨੰਦ-ਭਰਪੂਰ ਹੋ ਜਾਂਦਾ ਹੈ, ਜੀਭ ਆਨੰਦ ਵਿਚ ਮਸਤ ਹੋ ਜਾਂਦੀ ਹੈ ।

ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥
ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ,
ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥੩੭॥

ਸਦਾ-ਥਿਰ ਪਰਮਾਤਮਾ ਤਾਂ ਅਸਚਰਜ-ਰੂਪ ਹੈ, ਉਸ ਦਾ ਕੋਈ ਚਿਹਨ-ਚੱਕ੍ਰ ਦੱਸਿਆ ਨਹੀਂ ਜਾ ਸਕਦਾ, ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਕਿਹੋ ਜਿਹਾ ਹੈ । ਨਾਨਕ ਆਖਦਾ ਹੈ—ਆਤਮਕ ਆਨੰਦ ਦੇਣ ਵਾਲਾ ਨਾਮ ਸੁਣਿਆ ਕਰੋ, ਤੁਸੀ ਪਵਿਤ੍ਰ ਹੋ ਜਾਵੋਗੇ, ਪਰਮਾਤਮਾ ਨੇ ਤੁਹਾਨੂੰ ਇਹੀ ਸੁਣਨ ਵਾਸਤੇ ਭੇਜਿਆ ਹੈ ।੩੭।

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ
ਦਸਵਾ ਗੁਪਤੁ ਰਖਾਇਆ ॥

ਪਰਮਾਤਮਾ ਨੇ ਜਿੰਦ ਨੂੰ ਸਰੀਰ-ਗੁਫ਼ਾ ਵਿਚ ਟਿਕਾ ਕੇ ਜੀਵ ਨੂੰ ਬੋਲਣ ਦੀ ਸ਼ਕਤੀ ਦਿੱਤੀ । ਸਰੀਰ ਨੂੰ ਬੋਲਣ ਦੀ ਸ਼ਕਤੀ ਦਿੱਤੀ, ਨੱਕ ਕੰਨ ਆਦਿਕ ਨੌ ਕਰਮ-ਇੰਦ੍ਰੀਆਂ ਪਰਤੱਖ ਤੌਰ ਤੇ ਬਣਾਈਆਂ, ਦਸਵੇਂ ਦਰ ਨੂੰ ਲੁਕਵਾਂ ਰੱਖਿਆ ।

**ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥**
**ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ॥**
**ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ**
**ਵਾਜਾ ਪਵਣੁ ਵਜਾਇਆ ॥੩੮॥**

ਪ੍ਰਭੂ ਨੇ ਜਿਨ੍ਹਾਂ ਨੂੰ ਗੁਰੂ ਦੇ ਦਰ ਤੇ ਅਪੜਾ ਕੇ ਆਪਣੇ ਨਾਮ ਦੀ ਸਰਧਾ ਬਖ਼ਸ਼ੀ, ਉਹਨਾਂ ਨੂੰ ਦਸਵਾਂ ਦਰ ਭੀ ਵਿਖਾ ਦਿੱਤਾ । ਉਸ ਅਵਸਥਾ ਵਿਚ ਮਨੁੱਖ ਨੂੰ ਅਨੇਕਾਂ ਰੰਗਾਂ ਰੂਪਾਂ ਵਿਚ ਵਿਆਪਕ ਪ੍ਰਭੂ ਦਾ ਉਹ ਨਾਮ-ਰੂਪਾਂ ਨੌ ਖ਼ਜ਼ਾਨਿਆਂ ਦਾ ਭੰਡਾਰ ਭੀ ਪ੍ਰਾਪਤ ਹੋ ਜਾਂਦਾ ਹੈ ਜਿਸ ਦਾ ਅੰਤ ਨਹੀਂ ਪੈ ਸਕਦਾ, ਜੋ ਅਮੁੱਕ ਹੈ । ਨਾਨਕ ਆਖਦਾ ਹੈ—ਪਿਆਰੇ ਪ੍ਰਭੂ ਨੇ ਜਿੰਦ ਨੂੰ ਸਰੀਰ-ਗੁਫ਼ਾ ਵਿਚ ਟਿਕਾ ਕੇ ਜੀਵ ਨੂੰ ਬੋਲਣ ਦੀ ਸ਼ਕਤੀ ਭੀ ਦਿੱਤੀ ।੩੮।

**ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥**
**ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥**

ਹੇ ਭਾਈ! ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਇਹ ਬਾਣੀ ਸਾਧ ਸੰਗਤਿ ਵਿਚ ਗਾਵਿਆ ਕਰੋ । ਉਸ ਸਤ ਸੰਗ ਵਿਚ ਆਮਤਕ ਅਨੰਦ ਦੇਣ ਵਾਲੀ ਬਾਣੀ ਗਾਵਿਆ ਕਰੋ, ਜਿਥੇ ਗੁਰਮੁਖਿ ਸਦਾ-ਥਿਰ ਰਹਿਣ ਵਾਲੇ ਪ੍ਰਭੂ ਨੂੰ ਸਦਾ ਗਾਂਦੇ ਹਨ।

**ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥**
**ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥**
**ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥**

ਹੇ ਪ੍ਰਭੂ! ਤੈਨੂੰ ਸਦਾ-ਥਿਰ ਨੂੰ ਤਦੋਂ ਹੀ ਜੀਵ ਸਿਮਰਦੇ ਹਨ ਜਦੋਂ ਤੈਨੂੰ ਚੰਗੇ ਲੱਗਣ, ਜਿਨ੍ਹਾਂ ਨੂੰ ਤੂੰ ਗੁਰੂ ਦੀ ਰਾਹੀਂ ਇਹ ਸੂਝ ਬਖ਼ਸ਼ੇਂ । ਸਦਾ-ਥਿਰ ਪ੍ਰਭੂ ਸਭ





ਜੀਵਾਂ ਦਾ ਮਾਲਕ ਹੈ, ਜਿਸ ਜਿਸ ਉਤੇ ਉਹ ਮੇਹਰ ਕਰਦਾ ਹੈ ਉਹ ਉਹ ਜੀਵ ਤੈਨੂੰ ਪ੍ਰਾਪਤ ਕਰ ਲੈਂਦੇ ਹਨ । ਨਾਨਕ ਆਖਦਾ ਹੈ, ਉਹ ਸਤ ਸੰਗਤਿ ਵਿਚ (ਬੈਠ ਕੇ) ਪ੍ਰਭੂ ਦੀ ਸਿਫ਼ਤਿ-ਸਾਲਾਹ ਵਾਲੀ ਬਾਣੀ ਗਾਂਦੇ ਹਨ ।੩੯।

**ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥**
**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥**

ਹੇ ਵੱਡੇ ਭਾਗਾਂ ਵਾਲਿਓ! ਸੁਣੋ, ਆਨੰਦ ਇਹ ਹੈ ਕਿ ਮਨ ਦੇ ਸਾਰੇ ਸੰਕਲਪ ਸਿਰੇ ਚੜ੍ਹ ਜਾਂਦੇ ਹਨ, ਪਰਮ ਆਤਮਾ ਪ੍ਰਭੂ ਮਿਲ ਪੈਂਦਾ ਹੈ, ਸਾਰੇ ਚਿੰਤਾ-ਝੋਰੇ ਮਨ ਤੋਂ ਲਹਿ ਜਾਂਦੇ ਹਨ ।

**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**
**ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥**

ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਦੀ ਬਾਣੀ ਸੁਣਿਆਂ ਸਾਰੇ ਦੁੱਖ ਰੋਗ ਕਲੇਸ਼ ਮਿਟ ਜਾਂਦੇ ਹਨ । ਜੇਹੜੇ ਸੰਤ ਗੁਰਮੁਖਿ ਪੂਰੇ ਗੁਰੂ ਤੋਂ ਸਿਫ਼ਤਿ-ਸਾਲਾਹ ਦੀ ਬਾਣੀ ਨਾਲ ਸਾਂਝੀ ਪਾਣੀ ਸਿੱਖ ਲੈਂਦੇ ਹਨ ਉਹਨਾਂ ਦੇ ਹਿਰਦੇ ਖਿੜ ਆਉਂਦੇ ਹਨ।

**ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥**
**ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥**

ਇਸ ਬਾਣੀ ਨੂੰ ਸੁਣਨ ਵਾਲੇ ਉਚਾਰਨ ਵਾਲੇ ਸਭ ਪਵਿਤ੍ਰ-ਆਤਮਕ ਹੋ ਜਾਂਦੇ ਹਨ, ਇਸ ਬਾਣੀ ਵਿਚ ਉਹਨਾਂ ਨੂੰ ਸਤਿਗੁਰੂ ਹੀ ਦਿੱਸਦਾ ਹੈ । ਨਾਨਕ ਬੇਨਤੀ ਕਰਦਾ ਹੈ—ਜੇਹੜੇ ਬੰਦੇ ਗੁਰੂ ਦੀ ਚਰਨੀਂ ਲੱਗਦੇ ਹਨ, ਉਹਨਾਂ ਦੇ ਅੰਦਰ ਇਕ-ਰਸ (ਖ਼ੁਸ਼ੀ ਦੇ) ਵਾਜੇ ਵੱਜ ਪੈਂਦੇ ਹਨ (ਉਹਨਾਂ ਦੇ ਅੰਦਰ ਆਤਮਕ ਆਨੰਦ ਪੈਦਾ ਹੋ ਜਾਂਦਾ ਹੈ) ।੪੦।

## ਬਿਖਮ ਮਾਰਗ ਚਲਣਾ...

ਇਕ ਵਾਰੀ ਨੌਜਵਾਨ ਵੀਰਾਂ ਨਾਲ ਵਿਚਾਰ ਚੱਲ ਰਹੀ ਸੀ ਤਾਂ ਕੁਝ ਵੀਰ ਜੀਵਨ ਵਿਚ ਔਖੇ ਤਪ, ਕਠੋਰ ਰੂਪ ਵਿਚ ਸਿਮਰਨ ਅਤੇ ਖਾਣ-ਪੀਣ ਵਿਚ ਬੇਲੋੜੀ ਸੁਚਮਤਾ ਦੀ ਹਿਮਾਇਤ ਕਰ ਰਹੇ ਸਨ, ਮੈਂ ਉਨ੍ਹਾਂ ਨਾਲ ਸਹਿਮਤ ਨਹੀਂ ਸੀ ਹੋ ਰਿਹਾ। ਉਨ੍ਹਾਂ ਵਿਚੋਂ ਇਕ ਵੀਰ ਨੇ ਅਨੰਦ ਸਾਹਿਬ ਦਾ ਇਹ ਫੁਰਮਾਨ ਦੁਹਰਾਇਆ :

**ਚਾਲਾ ਨਿਰਾਲੀ ਭਗਤਾਹ ਕੇਰੀ, ਬਿਖਮ ਮਾਰਗਿ ਚਲਣਾ।।** ਅਤੇ ਭਾਵ ਕੱਢਿਆ ਕਿ ਭਗਤ ਬਿਖਮ ਮਾਰਗ 'ਤੇ ਚਲਦੇ ਹਨ ਤੇ ਉਹਨਾਂ ਦੀ ਚਾਲ ਜਗਤ ਤੋਂ ਨਿਰਾਲੀ ਹੁੰਦੀ ਹੈ। ਇਹ ਗੁਰ-ਫੁਰਮਾਨ ਸੁਣ ਕੇ ਉਹਨਾਂ ਨਾਲ ਸਹਿਮਤ ਹੋ ਗਿਆ। ਪਰ ਅੱਜ ਸ਼ਬਦ ਵਿਚ ਸੁਰਤਿ ਜੋੜਨ ਤੇ ਗੁਰਬਾਣੀ ਨੂੰ ਵਿਚਾਰ ਕੇ ਪੜ੍ਹਨ-ਸਮਝਣ ਸਦਕਾ ਮੈਨੂੰ ਪਤਾ ਲੱਗਦਾ ਹੈ ਕਿ ਉਹ ਵੀਰ ਗਲਤ ਕਹਿ ਰਹੇ ਸਨ। ਗੁਰੂ ਸਾਹਿਬ ਦਾ '**ਬਿਖਮ ਮਾਰਗਿ ਚਲਣਾ**' ਤੋਂ ਭਾਵ ਇਸ ਤੋਂ ਅਗਲੀ ਤੁਕ ਵਿਚ ਸਪੱਸ਼ਟ ਹੈ। ਪੂਰਾ ਫੁਰਮਾਨ ਹੈ :- **ਭਗਤਾ ਕੀ ਚਾਲ ਨਿਰਾਲੀ।। ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।। ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ।**ਭਾਵ ਸਪੱਸ਼ਟ ਹੋਇਆ ਕਿ ਬਿਖਮ ਮਾਰਗ ਹੈ-ਲਬ, ਲੋਭ, ਅਹੰਕਾਰ ਅਤੇ ਤ੍ਰਿਸ਼ਨਾ ਦਾ ਤਿਆਗ ਕਰਨਾ ਅਤੇ ਬਹੁਤਾ ਨਾ ਬੋਲਣਾ। ਆਓ, ਅਸੀਂ ਵੀ ਐਸੇ ਹੀ ਬਿਖਮ ਮਾਰਗ ਤੇ ਚਲੀਏ, ਨਾ ਕਿ ਕਰਮ-ਕਾਂਡਾਂ ਤੇ ਵਿਖਾਵਿਆਂ ਦੇ ਮਾਰਗ ਤੇ ।





## ਅਨੰਦ ਸਾਹਿਬ ਤੇਜੀ ਨਾਲ ਕਿਓ ਪੜਦੇ ਹਾਂ?

ਰਾਗੀ ਸਿੰਘ ਕੀਰਤਨ ਕਰਦੇ ਹੋਣ- ਸਮਾਪਤੀ ਦਾ ਸਮਾਂ ਹੋਣ ਲਗੇ- ਅਨੰਦ ਸਾਹਿਬ ਦਾ ਕੀਰਤਨ ਕਰਦੇ ਹਨ। ਬਾਕੀ ਕੀਰਤਨ ਜੇਕਰ ਸਹਿਜ ਵਿਚ ਹੈ। ਟਿਕਾਅ ਵਿਚ ਹੈ ਪਰ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਕੀਰਤਨ ਬੜੀ ਤੇਜ਼ੀ ਨਾਲ ਕੀਤਾ ਜਾਂਦਾ ਹੈ।

ਅਜਿਹਾ ਕਿਓ!

ਮੈਨੂੰ ਇਸਦਾ ਜੁਆਬ ਹਾਲੇ ਤੱਕ ਵੀ ਨਹੀਂ ਮਿਲ ਸਕਿਆ। ਕਿਓ? ਕਿਓ? ਅਨੰਦ ਸਾਹਿਬ ਦਾ ਕੀਰਤਨ ਤੇਜ਼ੀ ਨਾਲ ਕੀਤਾ ਜਾਂਦਾ ਹੈ।

ਦੂਜੇ ਪਾਸੇ ਸਾਡਾ ਸੰਗਤ ਦਾ ਵੀ ਕੀ ਸੁਭਾਅ ਹੈ। ਜੇਕਰ ਕੀਰਤਨ ਵਿਚ ਕਿਸੇ ਦਾ ਮਨ ਮਾੜਾ-ਮੋਟਾ ਟਿਕਿਆ ਵੀ ਹੋਵੈ ਪਰ ਜਦੋਂ ਅਨੰਦ ਸਾਹਿਬ ਹੁੰਦਾ ਹੈ ਤਾਂ ਅਸੀਂ ਸਾਰੇ ਤਿਆਰੀ ਕਰਨੀ ਸ਼ੁਰੂ ਕਰ ਦਿੰਦੇ ਹਾਂ- ਹੁਣ ਅਰਦਾਸ ਹੋਵੇਗੀ, ਦੇਗ ਮਿਲੇਗੀ, ਲੰਗਰ ਮਿਲੇਗਾ, ਘਰ ਜਾਵਾਂਗੇ......

ਵਿਰਲੇ ਹੀ ਹੋਣਗੇ ਜੋ ਅਨੰਦ ਸਾਹਿਬ ਦੇ ਅਨੰਦ ਨੂੰ ਮਾਣਦੇ ਹੋਣਗੇ।

ਆਓ! ਉਪਰਾਲਾ ਕਰੀਏ, ਅਨੰਦ ਸਾਹਿਬ ਦਾ ਗਾਇਣ ਵੀ ਸਹਿਜ ਨਾਲ ਕਰੀਏ ਤੇ ਜਦ ਅਨੰਦ ਸਾਹਿਬ ਪੜਿਆ ਜਾ ਰਿਹਾ ਹੋਵੈ ਤਾਂ ਅਸੀਂ ਵਿਚਾਰ- ਵਿਚਾਰ ਕੇ ਨਾਲ ਗਾਈਏ......

ਇੰਝ ਜੀਵਨ ਸਚੁਮੱਚ ਅਨੰਦ ਨਾਲ ਸਰਸ਼ਾਰ ਹੋ ਜਾਵੇਗਾ।

ਕਰਕੇ ਤਾਂ ਵੇਖੀਏ......

## ਮਰਨ ਸਮੇਂ ਵੀ ਅਨੰਦ ਸਾਹਿਬ

ਕਦੇ-ਕਦੇ ਮਨ ਵਿਚ ਫੁਰਨਾ ਫੁਰਦਾ ਹੈ ਕਿ ਜਦ ਪਹਿਲੀ ਵਾਰੀ ਕਿਸੇ ਦੇ ਮਰਨ ਸਮੇਂ ਅਨੰਦ ਸਾਹਿਬ ਦੀ ਬਾਣੀ ਦਾ ਪਾਠ ਕੀਤਾ ਗਿਆ ਹੋਵੇਗਾ ਤਾਂ ਲੋਕਾਂ ਦੀ ਕਿਹੋ ਜਿਹੀ ਪ੍ਰਤੀਗਿਆ ਹੋਈ ਹੋਵੇਗੀ।

ਫਿਰ ਮਨ ਵਿਚ ਆਪੋ ਹੀ ਜੁਆਬ ਮਿਲਦਾ ਹੈ ਕਿ ਉਦੋਂ ਦੇ ਗੁਰਸਿਖ ਸਚਮੁੱਚ ਹਰ ਵੇਲੇਂ ਅਨੰਦੋ-ਅਨੰਦ ਹੀ ਵਿਚਾਰਦੇ ਸਨ। ਉਹਨਾਂ ਲਈ ਮਰਨਾ ਵੀ ਅਨੰਦ ਸੀ। ਨਾਲ ਹੀ ਜਦ ਸਤਿਗੁਰੂ ਮਿਲ ਗਿਆ ਤਾਂ ਫਿਰ ਦੁਖ, ਰੋਗ, ਚਿੰਤਾ, ਮਰਨਾ, ਵਿਛੋੜਾ ... ਆਦਿ ਕੁਝ ਵੀ ਪ੍ਰਭਾਵਿਤ ਨਹੀਂ ਕਰ ਸਕਦਾ।

ਅੱਜ ਫਿਰ ਲੋੜ ਹੈ ਕਿ ਅਨੰਦ ਸਾਹਿਬ ਦੀ ਬਾਣੀ ਨੂੰ ਅਸੀਂ ਵੀਚਾਰ ਕੇ, ਸਮਝ ਕੇ ਪੜੀਏ ਤਾਂ ਦੁਖ-ਸੁਖ ਸਮ ਕਰਕੇ ਹੀ ਜਾਪੇਗਾ।

ਕੈਸਾ ਵਿਡਾਣ ਹੈ, ਕੈਸੀ ਅਸਚਰਜਤਾ ਹੈ-ਜਨਮ ਹੈ ਤੇ ਵੀ ਅਨੰਦ ਸਾਹਿਬ, ਮਰਨ ਹੈ ਤਾਂ ਵੀ ਅਨੰਦ ਸਾਹਿਬ, ਦਿਨ ਹੈ ਤਾਂ ਵੀ ਅਨੰਦ ਸਾਹਿਬ, ਰਾਤ ਹੈ ਤਾਂ ਵੀ ਅਨੰਦ ਸਾਹਿਬ, ਸੰਜੋਗ ਹੈ ਤਾਂ ਵੀ ਅਨੰਦ ਸਾਹਿਬ, ਵਿਜੋਗ ਹੈ ਤਾਂ ਵੀ ਅਨੰਦ ਸਾਹਿਬ...

ਅਨੰਦ ਸਾਹਿਬ ਦਾ ਪਾਠ ਕੀਰਤਨ ਕੇਵਲ ਇੱਕ ਕਰਮ ਜਾਂ ਕਰਮ ਕਾਂਡ ਹੀ ਨਾ ਬਣ ਕੇ ਰਹਿ ਜਾਵੇ ਸਗੋਂ ਸਚਮੁਚ ਸਾਡੇ ਲਈ ਹਰ ਪਲ, ਹਰ ਘੜੀ ਅਨੰਦ ਦੀ ਬਣੀ ਰਹੇ, ਬਣੀ ਰਹੇ।





## ਅਨੰਦ ਸਾਹਿਬ ਦੇ ਸੁਨੇਹੇ

- ★ ਸਿਫ਼ਤਿ-ਸਾਲਾਹ ਦੀ ਦਾਤਿ ਗੁਰੂ ਪਾਸੋਂ ਹੀ ਮਿਲਦੀ ਹੈ, ਤੇ ਨਾਮ ਸਿਮਰਨ ਦੀ ਬਰਕਤਿ ਨਾਲ ਮਨੁੱਖ ਦੇ ਮਨ ਵਿਚ ਪੂਰਨ ਖਿੜਾਉ ਪੈਦਾ ਹੋ ਜਾਂਦਾ ਹੈ ।
- ★ ਜੋ ਪਰਮਾਤਮਾ ਦੀ ਯਾਦ ਵਿਚ ਜੁੜਦਾ ਹੈ, ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ, ਸਾਰੇ ਕੰਮ ਸੰਵਰ ਜਾਂਦੇ ਹਨ ।
- ★ ਜਿਸ ਉਤੇ ਮਿਹਰ ਦੀ ਨਿਗਾਹ ਹੁੰਦੀ ਹੈ, ਉਹ ਮਨੁੱਖ ਪਰਮਾਤਮਾ ਦਾ ਨਾਮ ਆਪਣੇ ਮਨ ਵਿਚ ਵਸਾਂਦਾ ਹੈ । ਨਾਮ ਦੀ ਬਰਕਤਿ ਨਾਮ ਮਨੁੱਖ ਦੇ ਅੰਦਰ ਆਤਮਕ ਆਨੰਦ ਪੈਦਾ ਹੋਇਆ ਰਹਿੰਦਾ ਹੈ ।
- ★ ਗੁਰੂ ਦੀ ਮਿਹਰ ਨਾਲ ਪਰਮਾਤਮਾ ਦਾ ਨਾਮ ਮਿਲਦਾ ਹੈ । ਜਿਸ ਨੂੰ ਨਾਮ ਪ੍ਰਾਪਤ ਹੋ ਜਾਂਦਾ ਹੈ, ਉਸ ਦੇ ਅੰਦਰੋਂ ਮਾਇਆ ਦੇ ਸਾਰੇ ਲਾਲਚ ਦੂਰ ਹੋ ਜਾਂਦੇ ਹਨ, ਅੰਦਰ ਸ਼ਾਂਤੀ ਤੇ ਆਤਮਕ ਆਨੰਦ ਪੈਦਾ ਹੋ ਜਾਂਦਾ ਹੈ ।
- ★ ਨਾਮ ਦੀ ਬਰਕਤਿ ਨਾਲ ਕਾਮਾਦਿਕ ਪੰਜੇ ਵੈਰੀ ਆਪਣਾ ਜ਼ੋਰ ਨਹੀਂ ਪਾ ਸਕਦੇ। ਇਸ ਤਰ੍ਹਾਂ ਉਹਨਾਂ ਦੇ ਅੰਦਰ ਆਤਮਕ ਆਨੰਦ ਬਣਿਆ ਰਹਿੰਦਾ ਹੈ।
- ★ ਜੇ ਮਨ ਵਿਚ ਪਰਮਾਤਮਾ ਦੇ ਚਰਨਾਂ ਦਾ ਪਿਆਰ ਨਾਹ ਬਣੇ, ਤਾਂ ਮਨੁੱਖ ਸਦਾ ਮਾਇਆ ਦੇ ਪ੍ਰਭਾਵ ਵਿਚ ਦੁਖੀ ਜਿਹਾ ਹੀ ਰਹਿੰਦਾ ਹੈ ।ਗਿਆਨ-ਇੰਦ੍ਰੇ ਮਾਇਆ ਦੀ ਦੌੜ-ਭੱਜ ਵਿਚ ਲੱਗੇ ਰਹਿੰਦੇ ਹਨ ।
- ★ ਅਸਲ ਆਤਮਕ ਆਨੰਦ ਦੀ ਪ੍ਰਾਪਤੀ ਨਾਲ ਜੀਵਨ ਏਨਾ ਪਿਆਰਾ ਬਣ ਜਾਂਦਾ ਹੈ ਕਿ ਮਨੁੱਖ ਸਦ ਸਦਾ ਮਿੱਠ-ਬੋਲਾ ਬਣ ਜਾਂਦਾ ਹੈ । ਗੁਰੂ ਮਨੁੱਖ ਦੇ ਅੰਦਰੋਂ ਸਾਰੇ ਵਿਕਾਰ ਦੂਰ ਕਰ ਆਤਮਕ ਜੀਵਨ ਦੀ ਸਮਝ ਬਖ਼ਸ਼ਦਾ ਹੈ ।
- ★ ਆਪਣੇ ਉੱਦਮ ਨਾਲ ਕੋਈ ਪ੍ਰਾਣੀ ਆਤਮਕ ਆਨੰਦ ਨਹੀਂ ਮਾਣ ਸਕਦਾ

ਕਿਉਂਕਿ ਮਾਇਆ ਦੇ ਟਾਕਰੇ ਤੇ ਕਿਸੇ ਦੀ ਪੇਸ਼ ਨਹੀਂ ਜਾਂਦੀ ।

★ ਆਨੰਦ ਦਾਤੇ ਪ੍ਰਭੂ ਦੇ ਮਿਲਾਪ ਦਾ ਇਕੋ ਇਕ ਰਸਤਾ ਹੈ ਕਿ ਮਨੁੱਖ ਆਪਣਾ ਆਪ ਗੁਰੂ ਦੇ ਹਵਾਲੇ ਕਰ ਦੇਵੇ । ਸਿਫ਼ਤਿ-ਸਾਲਾਹ ਕਰਦਾ ਰਹੇ, ਅੰਦਰ ਆਨੰਦ ਹੀ ਅਨੰਦ ਬਣਿਆ ਰਹੇਗਾ ।

★ ਮਨੁੱਖ ਅੰਦਰੋਂ ਮਾਇਆ ਦੇ ਮੋਹ ਵਿਚ ਫਸਿਆ ਰਹੇ, ਪਰ ਬਾਹਰੋਂ ਨਿਰੀਆਂ ਚਤੁਰਾਈਆਂ ਨਾਲ ਆਤਮਕ ਆਨੰਦ ਦੀ ਪ੍ਰਾਪਤੀ ਚਾਹੇ, ਇਹ ਨਹੀਂ ਹੋ ਸਕਦਾ।

★ ਸਦ ਸਦਾ ਆਤਮਕ ਆਨੰਦ ਵਿਚ ਟਿਕੇ ਰਹਿਣ ਦਾ ਇਕੋ ਇਕ ਤਰੀਕਾ ਹੈ ਕਿ ਦੁਨੀਆ ਵਾਲੇ ਮੋਹ ਵਿਚ ਫਸੇ ਰਹਿਣ ਦੀ ਥਾਂ ਮਨੁੱਖ ਹਰ ਵੇਲੇ ਪਰਮਾਤਮਾ ਦੀ ਯਾਦ ਵਿਚ ਰਹੇ । ਇਹ ਗੁਰੂ ਦੀ ਸਿੱਖਿਆ ਕਦੇ ਭੁਲਾਣੀ ਨਹੀਂ ਚਾਹੀਦੀ।

★ ਸਦਾ ਅਰਜ਼ੋਈ ਕਰਦੇ ਰਹੀਏ — ਹੇ ਪ੍ਰਭੂ! ਤੂੰ ਬੇਅੰਤ ਹੈਂ, ਹਰੇਕ ਜੀਵ ਦੇ ਅੰਦਰ ਤੂੰ ਹੀ ਬੋਲ ਰਿਹਾ ਹੈਂ, ਹਰੇਕ ਜੀਵ ਦੀ ਤੂਹੀ ਸੰਭਾਲ ਕਰ ਰਿਹਾ ਹੈਂ।

★ ਪਰਮਾਤਮਾ ਦੀ ਮਿਹਰ ਨਾਲ ਗੁਰੂ ਮਿਲਦਾ ਹੈ ਤੇ ਗੁਰੂ ਪਾਸੋਂ ਆਤਮਕ ਆਨੰਦ ਦੇਣ ਵਾਲਾ ਨਾਮ-ਜਲ। ਇੰਝ ਮਨੁੱਖ ਦੇ ਅੰਦਰੋਂ ਲੱਬ ਲੋਭ ਅਹੰਕਾਰ ਆਦਿਕ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ ।

★ ਆਤਮਕ ਆਨੰਦ ਮਾਣਨ ਵਾਲਿਆਂ ਦੀ ਜੀਵਨ-ਜੁਗਤ ਵੱਖਰੀ ਹੀ ਹੁੰਦੀ ਹੈ। ਉਹ ਲਬ, ਲੋਭ, ਅਹੰਕਾਰ, ਤ੍ਰਿਸ਼ਨਾ ਵਿਕਾਰਾਂ ਤੋਂ ਬਚੇ ਰਹਿੰਦੇ ਹਨ, ਬਹੁਤਾ ਨਹੀਂ ਬੋਲਦੇ ।

★ ਜਿਸ ਮਨੁੱਖ ਨੂੰ ਮਿਹਰ ਕਰ ਕੇ ਪਰਮਾਤਮਾ ਨਾਮ ਸਿਮਰਨ ਵਲ ਪ੍ਰੇਰਦਾ ਹੈ, ਉਹ ਗੁਰੂ ਦੇ ਦਰ ਤੇ ਆਤਮਕ ਆਨੰਦ ਮਾਣਦਾ ਹੈ ।

★ ਬਾਣੀ ਰਾਹੀਂ ਹੀ ਆਤਮਕ ਆਨੰਦ ਮਿਲਦਾ ਹੈ । ਪਰ ਗੁਰਬਾਣੀ ਉਹਨਾਂ ਦੇ ਹੀ ਹਿਰਦੇ ਵਿਚ ਵੱਸਦੀ ਹੈ ਜਿਨ੍ਹਾਂ ਦੇ ਭਾਗਾਂ ਵਿਚ ਧੁਰੋਂ ਇਹ ਲੇਖ ਲਿਖਿਆ ਹੁੰਦਾ ਹੈ ।

★ ਨਾਮ ਸਿਮਰਨ ਨਾਲ ਅੰਦਰ ਆਤਮਕ ਆਨੰਦ ਪੈਦਾ ਹੁੰਦਾ ਹੈ, ਮਾਇਆ





ਵਾਲੇ ਹੋਛੇ ਰਸ ਖਿੱਚ ਨਹੀਂ ਪਾ ਸਕਦੇ, ਜੀਵਨ ਉੱਚਾ ਹੋ ਜਾਂਦਾ ਹੈ । ਅਜਿਹੇ ਮਨੁੱਖਾਂ ਦੀ ਲਾਗ ਨਾਲ ਹੋਰਨਾਂ ਦਾ ਆਚਰਨ ਭੀ ਪਵਿੱਤਰ ਹੋ ਜਾਂਦਾ ਹੈ ।

★ ਮਾਇਆ ਦੇ ਮੋਹ ਵਿਚ ਤੌਖ਼ਲਾ-ਸਹਿਮ ਬਣਿਆ ਰਹਿੰਦਾ ਹੈ । ਇਸ ਦਾ ਇਲਾਜ ਹੈ ਆਤਮਕ ਆਨੰਦ । ਸੋ, ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜੀ ਰੱਖੋ, ਤੇ ਪਰਮਾਤਮਾ ਦੀ ਯਾਦ ਵਿਚ ਸਦਾ ਜੁੜੇ ਰਹੋ ।

★ ਨਿਰੇ ਬਾਹਰੋਂ ਧਾਰਮਿਕ ਕਰਮ ਕਰਨ ਨਾਲ ਮਨ ਨੂੰ ਮਾਇਆ ਦੇ ਮੋਹ ਦਾ ਰੋਗ ਚੰਬੜਿਆ ਰਹਿੰਦਾ ਹੈ ।ਸਦਾ ਹਰਿ-ਨਾਮ ਸਿਮਰੀਏ । ਇਹੀ ਹੈ ਮਨ ਦੀ ਅਰੋਗਤਾ ਦਾ ਵਸੀਲਾ ।

★ ਜੋ ਗੁਰੂ ਦੇ ਦੱਸੇ ਰਸਤੇ ਉਤੇ ਤੁਰਦਾ ਹੈ, ਉਸ ਦਾ ਮਨ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ, ਵਰਤਾਰਾ ਸੁਚੱਜਾ ਹੁੰਦਾ ਹੈ । ਉਸ ਦੀ ਜ਼ਿੰਦਗੀ ਕਾਮਯਾਬ ਸਮਝੋ ।

★ ਉਹ ਮਨੁੱਖ ਖਿੜੇ-ਮੱਥੇ ਰਹਿ ਸਕਦਾ ਹੈ, ਜਿਹੜਾ ਸੱਚੇ ਦਿਲੋਂ ਗੁਰੂ ਦੇ ਚਰਨਾਂ ਵਿਚ ਟਿਕਿਆ ਰਹਿੰਦਾ ਹੈ ।

★ ਮਾਇਆ ਦਾ ਮੋਹ ਅਤੇ ਆਤਮਕ ਆਨੰਦ—ਇਹ ਦੋਵੇਂ ਇਕੋ ਹਿਰਦੇ ਵਿਚ ਇਕੱਠੇ ਨਹੀਂ ਟਿਕ ਸਕਦੇ ।

★ ਜਿਨ੍ਹਾਂ ਤੇ ਪਰਮਾਤਮਾ ਦੀ ਮਿਹਰ ਹੁੰਦੀ ਹੈ, ਉਹ ਗੁਰਬਾਣੀ ਆਪਣੇ ਹਿਰਦੇ ਵਿਚ ਵਸਾਈ ਰੱਖਦੇ ਹਨ ।

★ ਗੁਰ-ਆਸ਼ੇ ਤੋਂ ਉਲਟ ਜਾਣ ਵਾਲੀ ਬਾਣੀ ਮਨ ਨੂੰ ਕਮਜ਼ੋਰ ਕਰਦੀ ਹੈ ।

★ ਗੁਰਬਾਣੀ ਇਕ ਅਮੋਲਕ ਦਾਤਿ ਹੈ, ਇਸ ਵਿਚ ਪਰਮਾਤਮਾ ਦੀ ਸਿਫ਼ਤਿ-ਸਾਲਾਹ ਭਰੀ ਪਈ ਹੈ । ਜਿਥੇ ਪ੍ਰਭੂ-ਪ੍ਰੇਮ ਹੈ ਉਥੇ ਹੀ ਆਤਮਕ ਆਨੰਦ ਹੈ।

★ ਰਜ਼ਾ ਅਨੁਸਾਰ ਹੀ ਜੀਵ ਮਾਇਆ ਦੇ ਹੱਥਾਂ ਉਤੇ ਨੱਚ ਰਹੇ ਹਨ । ਜਿਸ ਨੂੰ ਗੁਰੂ ਸਹੀ ਰਾਹ ਉਤੇ ਤੁਰਨ-ਜੋਗਾ ਬਣਾਂਦਾ ਹੈ, ਉਹ ਮਾਇਆ ਦੇ ਬੰਧਨਾਂ ਤੋਂ ਸੁਤੰਤਰ ਹੋ ਜਾਂਦਾ ਹੈ ।

★ ਕਿਹੜਾ ਪੁੰਨ-ਕਰਮ ਹੈ ਤੇ ਕਿਹੜਾ ਪਾਪ-ਕਰਮ ? — ਸਿਰਫ਼ ਇਹ

ਵਿਚਾਰ ਅੰਦਰ ਆਤਮਕ ਆਨੰਦ ਪੈਦਾ ਨਹੀਂ ਕਰ ਸਕਦਾ । ਹਰਿ-ਨਾਮ ਸਿਮਰਨ ਵਾਲਾ ਹੀ ਵਿਕਾਰਾਂ ਵਲੋਂ ਸੁਚੇਤ ਰਹਿੰਦਾ ਹੈ, ਆਤਮਕ ਆਨੰਦ ਮਾਣਦਾ ਹੈ ।

★ ਪਰਮਾਤਮਾ ਜਿਸ ਨੂੰ ਆਪਣੇ ਚਰਨਾਂ ਦਾ ਪਿਆਰ ਬਖ਼ਸ਼ਦਾ ਹੈ, ਉਸ ਉਤੇ ਕੋਈ ਭੀ ਵਿਕਾਰ ਆਪਣਾ ਜ਼ੋਰ ਨਹੀਂ ਪਾ ਸਕਦਾ ।

★ ਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਦੀ ਸੁਰਤਿ ਕਾਰ-ਵਿਹਾਰ ਕਰਦਿਆਂ ਵੀ ਪ੍ਰਭੂ-ਚਰਨਾਂ ਵਿਚ ਜੁੜੀ ਰਹਿੰਦੀ ਹੈ ਉਹਨਾਂ ਦੇ ਅੰਦਰ ਆਤਮਕ ਆਨੰਦ ਬਣਿਆ ਰਹਿੰਦਾ ਹੈ ।

★ ਕਿਸੇ ਦੁਨੀਆਵੀ ਪਦਾਰਥ ਵੱਟੇ ਪਰਮਾਤਮਾ ਦਾ ਮਿਲਾਪ ਨਹੀਂ ਹੋ ਸਕਦਾ ।

★ ਆਤਮਕ ਆਨੰਦ ਦੀ ਖੱਟੀ ਖੱਟਣ ਵਾਸਤੇ ਪਰਮਾਤਮਾ ਦਾ ਨਾਮ ਹੀ ਮਨੁੱਖ ਦੀ ਰਾਸਿ - ਪੂੰਜੀ ਹੈ । ਇਹ ਪ੍ਰਭੂ ਦੀ ਮਿਹਰ ਨਾਲ ਹੀ ਮਿਲਦੀ ਹੈ ।

★ ਜਦੋਂ ਮਨੁੱਖ ਨੂੰ ਹਰਿ-ਨਾਮ ਸਿਮਰਨ ਦਾ ਆਨੰਦ ਆਉਣ ਲੱਗ ਪੈਂਦਾ ਹੈ, ਜੀਭ ਦਾ ਚਸਕਾ ਖ਼ਤਮ ਹੋ ਜਾਂਦਾ ਹੈ ।

★ ਇਹ ਜਗਤ ਤਾਂ ਮਦਾਰੀ ਦਾ ਤਮਾਸ਼ਾ ਹੀ ਹੈ, ਇਸ ਵਿਚੋਂ ਸਦਾ ਟਿਕੇ ਰਹਿਣ ਵਾਲਾ ਆਤਮਕ ਆਨੰਦ ਨਹੀਂ ਮਿਲ ਸਕਦਾ ।

★ ਜਦੋਂ ਪਰਮਾਤਮਾ ਦਾ ਪਰਕਾਸ਼ ਹੁੰਦਾ ਹੈ ਮਨੁੱਖ ਦਾ ਹਿਰਦਾ ਵਿਕਾਰਾਂ ਤੋਂ ਪਵਿੱਤਰ ਹੋ ਜਾਂਦਾ ਹੈ, ਕੋਈ ਚਿੰਤਾ ਕੋਈ ਦੁੱਖ ਆਪਣਾ ਜ਼ੋਰ ਨਹੀਂ ਪਾ ਸਕਦਾ ।

★ ਕੀਤੇ ਕਰਮਾਂ ਦੇ ਸੰਸਕਾਰਾਂ ਦਾ ਪ੍ਰੇਰਿਆ ਹੋਇਆ ਮਨੁੱਖ ਮੁੜ ਮੁੜ ਉਹੋ ਜਿਹੇ ਕਰਮ ਹੀ ਕਰਦਾ ਰਹਿੰਦਾ ਹੈ ।ਚੰਗੇ ਭਾਗਾਂ ਨਾਲ ਜਦੋਂ ਗੁਰੂ ਦੀ ਸਰਨ ਪੈਂਦਾ ਹੈ ਤਦੋਂ ਇਸ ਦੀ ਜ਼ਿੰਦਗੀ ਕਾਮਯਾਬ ਹੁੰਦੀ ਹੈ ।

★ ਜਿਥੇ ਵੈਰ ਹੈ, ਮੇਰ-ਤੇਰ ਹੈ, ਉਥੇ ਆਤਮਕ ਆਨੰਦ ਨਹੀਂ । ਗੁਰੂ ਬਖਸ਼ਿਸ਼ ਨਾਲ ਮਨੁੱਖ ਨੂੰ ਹਰ ਥਾਂ ਪ੍ਰਭੂ ਹੀ ਪ੍ਰਭੂ ਦਿੱਸਦਾ ਹੈ । ਇਹੀ ਦੀਦਾਰ ਆਨੰਦ ਦਾ ਮੂਲ ਹੈ ।





★ ਜਿਸ ਨੂੰ ਨਿੰਦਾ-ਚੁਗ਼ਲੀ ਸੁਣਨ ਦਾ ਚਸਕਾ ਹੈ, ਉਸ ਨੂੰ ਆਤਮਕ ਆਨੰਦ ਨਹੀਂ ।

★ ਮਾਇਆ ਦੇ ਪ੍ਰਭਾਵ ਦੇ ਕਾਰਨ ਗਿਆਨ-ਇੰਦ੍ਰੇ ਮਨੁੱਖ ਨੂੰ ਪਦਾਰਥਾਂ ਵਲ ਹੀ ਭਜਾਈ ਫਿਰਦੇ ਹਨ । ਪਰਮਾਤਮਾ ਦੀ ਮਿਹਰ ਨਾਲ ਚੰਗੇ-ਮੰਦੇ ਦੀ ਵਿਚਾਰ-ਸੱਤਿਆ ਜਾਗ ਪੈਂਦੀ ਹੈ । ਉਹ ਨਾਮ ਵਿਚ ਜੁੜਦਾ ਹੈ ਤੇ ਆਤਮਕ ਆਨੰਦ ਮਾਣਦਾ ਹੈ ।

★ ਜਿਨ੍ਹਾਂ ਉਤੇ ਮਿਹਰ ਹੁੰਦੀ ਹੈ, ਉਹ ਸਾਧ ਸੰਗਤਿ ਵਿਚ ਟਿਕ ਕੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਬਾਣੀ ਗਾਂਦੇ ਹਨ ਤੇ ਆਤਮਕ ਆਨੰਦ ਮਾਣਦੇ ਹਨ ।

★ ਆਤਮਕ ਆਨੰਦ ਦੇ ਲੱਛਣ :— ਭਟਕਣਾ ਦੂਰ ਹੋ ਜਾਂਦੀ ਹੈ, ਸਾਰੇ ਚਿੰਤਾ-ਝੋਰੇ ਮਿਟ ਜਾਂਦੇ ਹਨ, ਕੋਈ ਦੁੱਖ ਰੋਗ ਕੋਈ ਕਲੇਸ਼ ਜ਼ੋਰ ਨਹੀਂ ਪਾ ਸਕਦਾ ।

**ਆਨੰਦ ਦੀ ਇਹ ਅਵਸਥਾ ਗੁਰਬਾਣੀ ਤੋਂ ਪ੍ਰਾਪਤ ਹੁੰਦੀ ਹੈ। ਗੁਰਬਾਣੀ ਗਾਓਣ ਤੇ ਸੁਣਨ ਵਾਲਿਆਂ ਦੇ ਜੀਵਨ ਉੱਚੇ ਹੋ ਜਾਂਦੇ ਹਨ। ਬਾਣੀ ਵਿਚ ਸਤਿਗੁਰੂ ਪਰਤੱਖ ਦਿੱਸਦਾ ਹੈ ।**